ਸਤੰਬਰ-ਅਕਤੂਬਰ ੨੦੨੪
September-October 2024

ਅੰਕ ਪਹਿਲਾ


# ਪੰਜਆਬ

ਖ਼ਾਲਸਾ ਪੰਥ ਦਾ ਜਾਂਬਾਜ਼ ਸਿਪਾਹੀ
**ਸ਼ਹੀਦ ਭਾਈ ਦਿਲਾਵਰ ਸਿੰਘ**

**ਪਾਣੀਆਂ ਦਾ ਗੰਭੀਰ ਮੁੱਦਾ**

**ਲੜਾਈ ਸਿਰਫ਼ ਏਨੀ ਕੁ ਹੈ**

**ਸੀਨੇ ਖਿੱਚ ਜਿਨ੍ਹਾਂ ਨੇ ਖਾਧੀ**
**ਉਹ ਕਰ ਆਰਾਮ ਨਹੀਂ ਬਹਿੰਦੇ**



## ਕਿਤੇ ਅਸੀਂ ਆਪਣਾ ਪੁਰਾਤਨ ਤੇ ਨਵੀਨਤਮ ਇਤਿਹਾਸ ਅਗਲੀਆਂ ਪੀੜ੍ਹੀਆਂ ਤਕ ਪਹੁੰਚਾਉਣ ਤੋਂ

# ਖੁੰਝ ਨਾ ਜਾਈਏ

# ਅਸੀਸ



**ਸਰਦਾਰਨੀ ਜੋਗਿੰਦਰ ਕੌਰ ਭੋਗਲ**
**ਸਰਦਾਰ ਸਾਧੂ ਸਿੰਘ ਭੋਗਲ**




ਕੀਮਤ : 375/-

# ਮੂਸੇਵਾ.ਲਾ ਕੌਣ ?

ਸੁਰਜੀਤ ਸਿੰਘ ਜਰਮਨੀ

ਸ਼ੁੱਭਦੀਪ ਸਿੰਘ ਸਿੱਧੂ ਮੂਸੇਵਾ.ਲਾ ਨੂੰ ਇੱਕ ਕਲਾਕਾਰ ਜਾਂ ਰੈਪਰ ਦੇ ਤੌਰ 'ਤੇ ਤਕਰੀਬਨ ਸਾਰੇ ਹੀ ਜਾਣਦੇ ਹਨ ਪਰ ਉਸ ਦਾ ਅਸਲ ਰੂਪ ਜਿਹੜਾ ਪੰਜਾਬ ਅਤੇ ਪੰਜਾਬੀਅਤ ਪੱਖੀ ਸੀ ਉਹ ਬਹੁਤ ਘੱਟ ਲੋਕ ਜਾਣਦੇ ਹਨ। ਇਸ ਕਿਤਾਬ 'ਚ ਅਣਖ਼ੀ ਪੰਜਾਬ ਦੇ ਅਣਖ਼ੀਲੇ ਪੰਜਾਬੀ ਸਿੱਧੂ ਮੂਸੇਵਾ.ਲਾ ਦੀ ਦਾਸਤਾਨ ਲਿਖੀ ਗਈ ਹੈ ਜਿਸ ਤੋਂ ਸਰਕਾਰਾਂ ਨੂੰ ਖ਼ਤਰਾ ਮਹਿਸੂਸ ਹੁੰਦਾ ਸੀ ਤੇ ਨਸ਼ੇ ਦੇ ਵਪਾਰੀਆਂ, ਫਿਰੌਤੀਆਂ ਮੰਗਣ ਵਾਲ਼ਿਆਂ ਤੇ ਸਰਮਾਏਦਾਰਾਂ ਨੂੰ ਜਦੋਂ ਉਸ ਨੇ ਟੱਕਰ ਦੇਣੀ ਸ਼ੁਰੂ ਕੀਤੀ, ਨੌਜਵਾਨਾਂ ਨੂੰ ਜਗਾ ਕੇ ਆਪਣੇ ਮੂਲ ਨਾਲ ਜੋੜਨਾ ਸ਼ੁਰੂ ਕੀਤਾ, ਪੰਜਾਬ ਦੇ ਹੱਕਾਂ ਅਤੇ ਸ਼ਹੀਦਾਂ ਦੀ ਗੱਲ ਕੀਤੀ ਤਾਂ ਫਿਰ ਸਿੱਧੂ ਮੂਸੇਵਾ.ਲਾ ਦਾ ਸਰਕਾਰਾਂ ਨੇ ਕਤਲ ਕਰਵਾ ਦਿੱਤਾ।

ਸਿੱਧੂ ਮੂਸੇਵਾ.ਲੇ ਦੇ ਚਰਚਿਤ ਗੀਤ ਐੱਸ.ਵਾਈ.ਐੱਲ. ਦੀਆਂ ਇਹ ਲਾਈਨਾਂ ਵੱਡੇ ਅਰਥ ਰੱਖਦੀਆਂ ਹਨ ਕਿ ਜੇ ਦਰਿਆਈ ਪਾਣੀ ਲੁੱਟਣ ਤੋਂ ਬਾਜ ਨਾ ਆਏ ਤਾਂ 'ਫੇਰ ਭਾਈ ਬਲਵਿੰਦਰ ਸਿੰਘ ਜਟਾਣਾ ਆਊ।' ਉਸ ਨੇ ਹਕੂਮਤੀ-ਤੰਤਰ ਨੂੰ ਖੁੱਲ੍ਹ ਕੇ ਲਲਕਾਰਿਆ ਤੇ ਸਰਕਾਰ ਨੇ ਗੀਤ 'ਤੇ ਪਬੰਦੀ ਲਾ ਦਿੱਤੀ। ਅੱਜ ਸਿੱਖ ਅਤੇ ਪੰਜਾਬੀ ਪੂਰੇ ਜਾਹੋ-ਜਲਾਲ ਨਾ.ਲ ਇਸ ਗੀਤ ਦੇ ਬਹਾਨੇ ਅਹਿਦ ਕਰੀ ਦਿਸ ਰਹੇ ਹਨ ਕਿ ਅਸੀਂ ਪੰਜਾਬ ਨੂੰ ਬੰਜਰ ਨਹੀਂ ਹੋਣ ਦਿਆਂਗੇ, ਆਪਣੇ ਹੱਕ ਲੈ ਕੇ ਰਹਾਂਗੇ। ਸਿੱਧੂ ਮੂਸੇਵਾਲਾ ਦੀ ਪੰਥ ਅਤੇ ਪੰਜਾਬ ਪੱਖੀ ਸ਼ਖ਼ਸੀਅਤ ਨੂੰ ਜਾਣਨ-ਪਹਿਚਾਣਣ ਅਤੇ ਉਸ ਦੇ ਕਤਲ ਦੇ ਭੇਦਾਂ ਬਾਰੇ ਸਮਝਣ ਲਈ ਲੇਖਕ ਸੁਰਜੀਤ ਸਿੰਘ ਜਰਮਨੀ ਦੀ ਨਵੀਂ ਛਪੀ ਕਿਤਾਬ 'ਮੂਸੇਵਾ.ਲਾ ਕੌਣ' ਜ਼ਰੂਰ ਮੰਗਵਾਓ ਅਤੇ ਪੜ੍ਹੋ।

ਕੀਮਤ 50/-

ਪੰਜਆਬ

PANJAAB

ਸਤੰਬਰ-ਅਕਤੂਬਰ 2024 Sep-Oct 2024

ਅੰਕ : 1 Private Circulation only

*ਸਮਰਪਣ*

**ਗੁਰਮਤਿ ਵਿਚਾਰਧਾਰਾ**

*"ਭੈ ਕਾਹੂ ਕਉ ਦੇਤ ਨਹਿ*
*ਨਹਿ ਭੈ ਮਾਨਤ ਆਨ ॥"*

*ਮੁੱਖ ਸੰਪਾਦਕ ਅਤੇ ਸੀ.ਈ.ਓ.*

**ਮਨਜੀਤ ਸਿੰਘ ਭੋਗਲ (ਜਰਮਨੀ)**

*ਸਹਾਇਕ ਸੰਪਾਦਕ*

**ਡਾ: ਸੁਰਜੀਤ ਸਿੰਘ ਜਰਮਨੀ**

**Address**

**PANJAAB**
**Neuebau Str 64A**
**97070 Wurzburg**
**Germany**

**Phone Numbers**

**+49 176 30760697**

**E-mail**

**Panjaab2024@yahoo.com**

ਸਭ ਹੱਕ ਰਾਖਵੇਂ ਹਨ। ਬਿਨਾਂ ਇਜ਼ਾਜਤ ਤੋਂ ਕੋਈ ਵੀ ਮੈਟਰ 'ਪੰਜਆਬ' ਰਸਾਲੇ 'ਚੋਂ ਲੈ ਕੇ ਛਾਪਣਾ ਮਨ੍ਹਾ ਹੈ।

**ਸੰਪਾਦਕੀ**

## ਕਿਤੇ ਅਸੀਂ ਆਪਣਾ ਪੁਰਾਤਨ ਤੇ ਨਵੀਨਤਮ ਇਤਿਹਾਸ

# ਅਗਲੀਆਂ ਪੀੜ੍ਹੀਆਂ ਤਕ ਪਹੁੰਚਾਉਣ ਤੋਂ ਖੁੰਝ ਨਾ ਜਾਈਏ

**ਜਾਮਿ ਗੁਰੂ ਹੋਇ ਵਲਿ ਧਨਹਿ ਕਿਆ ਗਾਰਵੁ ਦਿਜਇ ॥ ਜਾਮਿ ਗੁਰੂ ਹੋਇ ਵਲਿ ਲਖ ਬਾਹੇ ਕਿਆ ਕਿਜਇ॥ ਜਾਮਿ ਗੁਰੂ ਹੋਇ ਵਲਿ ਗਿਆਨ ਅਰੁ ਧਿਆਨ ਅਨਨ ਪਰਿ ॥ ਜਾਮਿ ਗੁਰੂ ਹੋਇ ਵਲਿ ਸਬਦੁ ਸਾਖੀ ਸੁ ਸਚਹ ਘਰਿ ॥ ਜੋ ਗੁਰੂ ਗੁਰੂ ਅਹਿਨਿਸਿ ਜਪੈ ਦਾਸੁ ਭਟੁ ਬੇਨਤਿ ਕਹੈ ॥ ਜੋ ਗੁਰੂ ਨਾਮੁ ਰਿਦ ਮਹਿ ਧਰੈ ਸੋ ਜਨਮ ਮਰਣ ਦੁਹ ਥੇ ਰਹੈ ॥੩॥੭॥**

**ਜਾ ਤੂ ਮੇਰੈ ਵਲਿ ਹੈ ਤਾ ਕਿਆ ਮੁਹਛੰਦਾ ॥ ਤੁਧੁ ਸਭੁ ਕਿਛੁ ਮੈਨੋ ਸਉਪਿਆ ਜਾ ਤੇਰਾ ਬੰਦਾ ॥ ਲਖਮੀ ਤੋਟਿ ਨ ਆਵਈ ਖਾਇ ਖਰਚਿ ਰਹੰਦਾ ॥ ਲਖ ਚਉਰਾਸੀਹ ਮੇਦਨੀ ਸਭ ਸੇਵ ਕਰੰਦਾ ॥ ਏਹ ਵੈਰੀ ਮਿਤ੍ਰ ਸਭਿ ਕੀਤਿਆ ਨਹ ਮੰਗਹਿ ਮੰਦਾ ॥ ਲੇਖਾ ਕੋਇ ਨ ਪੁਛਈ ਜਾ ਹਰਿ ਬਖਸੰਦਾ ॥ ਅਨੰਦੁ ਭਇਆ ਸੁਖੁ ਪਾਇਆ ਮਿਲਿ ਗੁਰ ਗੋਵਿੰਦਾ ॥ ਸਭੇ ਕਾਜ ਸਵਾਰਿਐ ਜਾ ਤੁਧੁ ਭਾਵੰਦਾ ॥੭॥**

**ਦੀਨਿਨ ਕੀ ਪ੍ਰਤਿਪਾਲ ਕਰੈ ਨਿਤ ਸੰਤ ਉਬਾਰਿ ਗ਼ਨੀਮਤ ਗਾਰੈ॥ ਪੱਛ ਪਸੂ ਨਗ ਨਾਗ ਨਰਾਧਿਪ ਸਰਬ ਸਮੈ ਸਭ ਕੋ ਪ੍ਰਤਿਪਾਰੈ॥ ਪੋਖਤ ਹੈ ਜਲ ਮੈ ਥਲ ਮੈ ਪਲ ਮੈ ਕਲ ਕੇ ਨਹੀ ਕਰਮ ਬਿਚਾਰੈ॥ ਦੀਨ ਦਇਆਲ ਦਇਆਨਿਧਿ ਦੋਖਨ ਦੇਖਤ ਹੈ ਪਰੁ ਦੇਤ ਨ ਹਾਰੈ॥੧॥ ਦਾਹਤ ਹੈ ਦੁਖ ਦੋਖਨ ਕੌ ਦਲ ਦੁਰਨ ਕੇ ਪਲ ਮੈ ਦਲ ਡਾਰੈ॥ ਖੰਡ ਅਖੰਡ ਪ੍ਰਚੰਡ ਪ੍ਰਹਾਰਨ ਪੂਰਨ ਪ੍ਰੇਮ ਕੀ ਪ੍ਰੀਤਿ ਸੰਭਾਰੈ॥ ਪਾਰੁ ਨ ਪਾਇ ਸਕੈ ਪਦਮਾਪਤਿ ਬੇਦ ਕਤੇਬ ਅਭੇਦ ਉਚਾਰੈ॥ ਰੋਜੀ ਹੀ ਰਾਜ ਬਿਲੋਕਤ ਰਾਜਿਕ ਰੋਖ ਰੂਹਾਨ ਕੀ ਰੋਜੀ ਨ ਟਾਰੈ॥੨॥**

ਵਾਹਿਗੁਰੂ ਜੀ ਕਾ ਖ਼ਾਲਸਾ॥ ਵਾਹਿਗੁਰੂ ਜੀ ਫ਼ਤਹਿ॥

ਗੱਲ 1992 ਦੀ ਹੈ, ਜਦੋਂ ਅਜੇ ਜਰਮਨ ਦੀ ਧਰਤੀ 'ਤੇ ਪੈਰ ਪਾਇਆ ਸੀ। ਬੇਸ਼ੱਕ ਉਸ ਵੇਲੇ ਤਕ ਪੰਜਾਬ ਦਾ ਉਹ ਦੌਰ ਚੁਰਾਸੀਵੇਂ ਤੋਂ ਲੈ ਕਿ ਤਕਰੀਬਨ ਬਾਨ੍ਹਵੇਂ ਤਕ ਪੰਜਾਬ ਦੀ ਧਰਤੀ 'ਤੇ ਰਹਿ ਕੇ ਆਪਣੇ ਤਨ 'ਤੇ ਹੰਢਾਉਣ ਵਾਲਿਆਂ ਨੂੰ ਵੇਖਿਆ ਤੇ ਸੁਣਿਆ ਪਰ ਜਿਉਂ ਇੱਥੇ ਪਹੁੰਚਿਆ, ਉਹ ਪੀੜ ਮੈਨੂੰ ਵੀ ਮਹਿਸੂਸ ਹੋਣ ਲੱਗੀ। ਏਦਾਂ ਲੱਗਣ ਲੱਗਾ ਕਿ ਉਹ ਦੌਰ ਵਿੱਚ ਮੇਰੇ ਮਨ ਨੂੰ ਵੀ ਬਹੁਤ ਸੇਕ ਲੱਗਾ ਸੀ। ਬਸ ਪੀੜ ਮਹਿਸੂਸ ਨਹੀਂ ਸੀ ਹੁੰਦੀ ਜਾਂ ਅਜੇ ਜ਼ਖ਼ਮ ਤਾਜੇ ਲੱਗੇ ਸੀ। ਜਿਉਂ-ਜਿਉਂ ਇਸ ਚੱਕਾਚੌਂਦ ਵਿੱਚ ਜੀਵਨ ਅੱਗੇ ਚੱਲਿਆ, ਉਹ ਜ਼ਖ਼ਮ ਠੰਢੇ ਹੋਣ ਲੱਗੇ ਤੇ ਜਿਉਂ-ਜਿਉਂ ਜ਼ਖ਼ਮ ਠੰਢਾ ਹੁੰਦਾ, ਪੀੜ ਜਿਆਦਾ ਦਿੰਦਾ। ਬਸ ਪੰਜਾਬ ਦੀ ਸੁੱਖ-ਸ਼ਾਂਤੀ ਲਈ ਕਦੇ ਕਿਸੇ ਕੋਲ ਭੱਜਣਾ, ਕਦੇ ਕਿਸੇ ਕੋਲ। ਜਿੱਥੇ ਜਾਣਾ ਇੱਕੋ ਗੱਲ ਕਰਨੀ ਜਥੇਦਾਰ ਜੀ, ਭਾਈ ਸਾਹਬ ਜੀ, ਪੰਜਾਬ ਨੇ ਬਹੁਤ ਸੰਤਾਪ ਹੰਢਾ ਲਿਆ। ਪਰ ਜੇ ਇਸ ਦੀ ਗੱਲ ਕਿਸੇ ਵੱਡੇ ਪੱਧਰ 'ਤੇ ਨਾ ਲਿਜਾ ਸਕੇ ਤਾਂ ਇਹ ਸਾਰੇ ਸੰਘਰਸ਼ ਜੋ ਸਾਡੇ ਬਾਬਿਆਂ ਨੇ ਕੀਤੇ ਹਨ, ਉਹ ਪੰਜਾਬ ਤਕ ਸੀਮਤ ਹੋ ਜਾਣਗੇ। ਇੱਕੋ ਜਵਾਬ ਮਿਲਣਾ ਕੋਈ ਨਹੀਂ ਕਰਦੇ ਹਾਂ ਕੁਝ। ਕਦੇ ਕਹਿਣਾ ਕਿਉਂ ਨਾ ਆਪਾਂ ਇਉਂ ਕਰੀਏ ਕਿ ਪੰਥ ਤੇ ਪੰਜਾਬ ਦੀ ਗੱਲ ਕਰਨ ਵਾਲਾ ਕੋਈ ਮੈਗਜ਼ੀਨ, ਅਖ਼ਬਾਰ ਜਾਂ ਰੇਡੀਓ ਚਲਾ ਲਈਏ? ਪਰ ਹਮੇਸ਼ਾਂ ਨਿਰਾਸ਼ਾ ਮਿਲੀ।




ਫਿਰ ਕੁਝ ਆਪਣੇ ਉਪਰਾਲੇ ਕੀਤੇ ਤੇ ਦੇਸ਼-ਪੰਜਾਬ ਦੀ ਗੱਲ ਕਰਨ ਵਾਲੇ ਕਈ ਮੈਗਜ਼ੀਨ ਜੋ ਪੰਜਾਬ ਦੀ ਧਰਤੀ ਤੋਂ ਓਸ ਵੇਲੇ ਨਿਕਲਦੇ ਸੀ, ਉਹਨਾਂ ਨਾਲ ਸੰਪਰਕ ਕਰ ਕੇ ਉਹਨਾਂ ਦੀਆਂ ਕਾਪੀਆਂ ਇੱਥੇ ਲਿਆ ਕਿ ਵੰਡਣੀਆਂ ਤਾਂ ਕਿ ਘੱਟੋ ਘੱਟ ਜੋ ਸਾਡੀ ਅਗਲੀ ਪੀੜ੍ਹੀ ਹੈ, ਉਸ ਨੂੰ ਪੰਜਾਬ ਦੇ ਹਾਲਾਤ ਤੋਂ ਜਾਣੂ ਕਰਵਾਇਆ ਜਾ ਸਕੇ।

ਖ਼ੈਰ ਸਮਾਂ ਆਪਣੀ ਚਾਲੇ ਚਲਦਾ ਗਿਆ। ਮੈਂ ਵੀ ਸਮੇਂ ਨਾਲ ਉਸ ਦੀ ਚਾਲੇ ਚੱਲਦਾ-ਚੱਲਦਾ, ਜਿਹੜਾ ਵੀ ਮੈਗਜ਼ੀਨ ਪੰਜਾਬ ਦੇ ਚਲੰਤ ਮੁੱਦਿਆਂ ਦੀ ਗੱਲ ਕਰਦਾ ਉਸ ਨੂੰ ਆਪਣਾ ਸਮਰਥਨ ਦੇ ਦੇਣਾ, ਜਿਸ ਤਰ੍ਹਾਂ ਹੋ ਸਕਣਾ,

ਪੈਸੇ-ਧੇਲੇ ਨਾਲ ਮਦਦ ਕਰ ਕੇ ਉਸ ਨੂੰ ਆਪਣੇ ਲੋਕਾਂ ਤਕ ਪਹੁੰਚਾਉਣਾ।

ਜਿਉਂ-ਜਿਉਂ ਸਿੱਖਾਂ ਦੀ ਗਿਣਤੀ ਵਿਦੇਸ਼ਾਂ ਵਿੱਚ ਵਧਦੀ ਗਈ, ਸਿੱਖਾਂ ਵਿੱਚ ਆਪਸੀ ਦੂਸ਼ਣਬਾਜ਼ੀ ਉਸ ਤੋਂ ਵੀ ਜ਼ਿਆਦਾ ਤੇਜੀ ਨਾਲ ਵਧੀ। ਸਿੱਟਾ ਇਹ ਨਿਕਲਿਆ ਕਿ ਜਿਸ ਨਾਲ ਵੀ ਚਾਰ-ਪੰਜ ਬੰਦੇ ਖੜ੍ਹ ਜਾਂਦੇ, ਉਹੀ ਆਪਣੀ ਜਥੇਬੰਦੀ ਬਣਾ ਲੈਂਦਾ ਤੇ ਦਾਅਵਾ ਕਰਦਾ ਕਿ ਮੇਰੇ ਨਾਲੋਂ ਵੱਡਾ ਪੰਥਕ ਕੋਈ ਨਹੀਂ। ਨਤੀਜਾ ਇਹ ਨਿਕਲਿਆ ਕਿ ਇੱਥੇ ਵੀ ਸਿੱਖ ਜਾਤਾਂ-ਪਾਤਾਂ ਤੇ ਧੜਿਆਂ ਵਿੱਚ ਵੰਡੇ ਗਏ।



ਜੂਨ 1984 ਦੇ ਘੱਲੂਘਾਰੇ ਦੌਰਾਨ ਭਾਰਤੀ ਫ਼ੌਜਾਂ ਵੱਲੋਂ ਸਿੱਖ ਰੈਫ਼ਰੈਂਸ ਲਾਇਬ੍ਰੇਰੀ ਸਾੜ ਦਿੱਤੀ ਗਈ

ਗੁਰੂ ਮਹਾਰਾਜ ਨੇ ਜੋ ਸਰਬੱਤ ਦੇ ਭਲੇ ਵਾਸਤੇ ਧਰਮ ਚਲਾਇਆ ਸੀ, ਓਸ ਲੀਹ ਤੋਂ ਉੱਤਰ ਕੇ ਆਪੋ-ਆਪਣੇ ਸਵਾਰਥ ਲਈ ਗੁਰੂ ਨਾਨਕ ਦੇਵ ਜੀ ਦੇ ਪੰਥ ਨੂੰ ਵਰਤਣਾ ਸ਼ੁਰੂ ਕਰ ਲਿਆ। ਜਥੇਬੰਦੀਆਂ ਦਸ ਗੁਰੂ ਸਾਹਿਬਾਨ ਜੀ ਦੀ ਜੋਤ ਧੰਨ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਵਿਚਾਰਧਾਰਾ ਨੂੰ ਲੋਕਾਈ ਦੇ ਭਲੇ ਲਈ ਹਰੇਕ ਮਨੁੱਖ ਤਕ ਪਹੁੰਚਾਉਣ ਲਈ ਬਣੀਆਂ ਸਨ ਤੇ ਹੋਣੀਆਂ ਵੀ ਜ਼ਰੂਰੀ ਨੇ। ਪਰ ਨਤੀਜਾ ਇਹ ਨਿਕਲਿਆ ਕਿ ਵਿਦੇਸ਼ਾਂ ਵਿੱਚ ਉਹ ਜਥੇਬੰਦੀਆਂ ਆਪਣੀ ਗੱਲ ਮਨਵਾਉਣ ਲਈ ਇੱਕ ਦੂਜੇ ’ਤੇ ਦੂਸ਼ਣਬਾਜੀ ਕਰਨ ਨਾਲੋਂ ਵਧ ਕੇ ਹੋਰ ਕੁਝ ਵੀ ਨਹੀਂ ਕਰ ਰਹੀਆਂ।

ਸਮਾਂ ਆਪਣੀ ਚਾਲੇ ਚਲਦਾ ਗਿਆ। ਬਹੁਤਾਂਤ ਜਥੇਬੰਦੀਆਂ ਨਾਲ ਵਿਚਰ ਕੇ ਵੇਖਿਆ, ਹਰੇਕ ਨੂੰ ਸਮਝਣ-ਸਮਝਾਉਣ ਦੀ ਕੋਸ਼ਿਸ ਕਰਦੇ-ਕਰਦੇ 30 ਸਾਲ ਕਦੋਂ ਲੰਘ ਗਏ, ਪਤਾ ਨਹੀਂ ਚੱਲਿਆ ਤੇ ਜਿਹੜੀ ਗੱਲ ਉਸ ਦਿਨ ਇਹਨਾਂ ਸਾਰਿਆਂ ਨਾਲ ਕਰਦਾ ਸੀ ਜਦੋਂ ਅਜੇ ਪੰਜਾਬ ਦੇ ਜ਼ਖ਼ਮ ਰਿਸਦੇ ਸਨ ਕਿ ਇਹਨਾਂ ਜ਼ਖ਼ਮਾਂ ਨੂੰ ਆਪਣੀਆਂ ਅੱਗੇ ਵਾਲੀਆਂ ਪੀੜੀਆਂ ਨੂੰ ਵਿਖਾਉਣ ਲਈ ਕੋਈ ਅਖ਼ਬਾਰ, ਮੈਗਜ਼ੀਨ, ਰੇਡੀਓ ਰੂਪੀ ਉਪਰਾਲਾ ਕਰੀਏ, ਉਹ ਗੱਲ ਵੀ ਸਿਰੇ ਨਾ ਲੱਗ ਸਕੀ।

ਚਲੋ, ਓਸ ਵੇਲੇ ਪੰਜਾਬ ਤੋਂ ਕੁਝ ਮੈਗਜ਼ੀਨ ਮੰਗਵਾ ਕੇ ਇਸ ਕਮੀ ਨੂੰ ਪੂਰਾ ਕਰ ਲਈਦਾ ਸੀ ਪਰ ਜਦੋਂ ਪਿਛਲੇ ਦਹਾਕੇ ਵੱਲ ਝਾਤ ਮਾਰੀਏ ਤਾਂ ਬਹੁਤਾਂਤ ਗਿਣਤੀ ਵਿੱਚ ਪੰਥ-ਪੰਜਾਬ ਦੀ ਗੱਲ ਕਰਨ ਵਾਲੇ ਮੈਗਜ਼ੀਨ, ਅਖ਼ਬਾਰਾਂ ਤੇ ਰੇਡੀਓ ਬੰਦ ਹੋ ਗਏ। ਮੈਗਜ਼ੀਨ ਤੇ ਅਖ਼ਬਾਰਾਂ ਤਾਂ ਰਹਿ ਹੀ ਇੱਕਾ-ਦੁੱਕਾ ਗਏ। ਰੇਡੀਓ ਦੀ ਤਾਂ ਖ਼ੈਰ ਕਮੀ ਪਹਿਲੇ ਪਹਿਲ ਟੀ.ਵੀ. ਨੇ ਪੂਰੀ ਕਰ ਲਈ ਤੇ ਹੁਣ ਸੋਸ਼ਲ ਮੀਡੀਏ ਨੇ।

ਕਈ ਕਹਿਣਗੇ ਕਿ ਮੈਗਜ਼ੀਨ ਤੇ ਅਖ਼ਬਾਰਾਂ ਦੀ ਕਮੀ ਵੀ ਤਾਂ ਡਿਜ਼ੀਟਲ ਵੈੱਬ-ਸਾਈਟਾਂ ਜਾਂ ਐਪਲੀਕੇਸ਼ਨਾਂ ਨੇ ਪੂਰੀ ਕਰ ਹੀ ਲਈ ਹੈ, ਸਗੋਂ ਪਹਿਲਾਂ ਨਾਲੋ ਵਧੇਰੇ ਸੁਚੱਜੇ ਢੰਗ ਨਾਲ ਹੋ ਗਈ। ਪਹਿਲਾਂ ਜਿਹੜਾ ਅਖ਼ਬਾਰ ਜਾਂ ਮੈਗਜੀਨ ਦੁਨੀਆਂ ਦੇ ਇੱਕ ਕੋਨੇ ਤੋਂ ਨਿਕਲਦਾ ਸੀ, ਦੂਜੇ ਤਕ ਪਹੁੰਚਾਉਣ ਲਈ ਬਹੁਗਿਣਤੀ ਵਿੱਚ ਪੈਸੇ ਤੇ ਹੋਰ ਉੱਦਮ ਲਗਦੇ ਸਨ ਪਰ ਹੁਣ ਤੇ ਇੱਕ ਕਲਿੱਕ ਕਰੋ ਤੇ ਉਹ ਮੈਗਜ਼ੀਨ ਅਖ਼ਬਾਰ ਆਪਣੇ ਕੋਲ ਪਾਓ। ਇਹ ਗੱਲ ਅੱਜ ਦੀ ਤਰੀਕ ਵਿੱਚ ਬਹੁਤ ਰੇਲੇਵੈਂਸ ਜਾਪਦੀ ਹੈ ਤੇ ਹੁਣ ਦੀ ਤਰੀਕ ਵਿੱਚ ਇਸ ਦੇ ਨਤੀਜੇ ਵੀ ਵਧੀਆ ਨੇ ਪਰ ਆਉਣ ਵਾਲੇ ਸਮੇਂ ਵਿੱਚ ਇਸੇ ਤਕਨੀਕ ਤੇ ਕਦੋਂ ਸਾਡਾ ਇਤਿਹਾਸ ਬਦਲ ਦੇਣਾ, ਇਹ ਸ਼ਾਇਦ ਤੁਹਾਡੇ ਚਿੱਤ ਚੇਤਿਆਂ ਤੋਂ ਵੀ ਪਰੇ ਹੈ।

ਇੱਥੇ ਇੱਕ ਕਹਾਣੀ ਦਾ ਜ਼ਿਕਰ ਕਰਾਂਗਾ ਜੋ ਮੈਨੂੰ ਮੇਰੇ ਗੋਰੇ ਮਿੱਤਰ (Klemens Helmstadt) ਨੇ ਸੁਣਾਈ ਸੀ। ਕਹਿੰਦਾ ਇੱਕ ਵਾਰੀ ਕਿਸੇ ਰਾਜ ਵਿੱਚ ਕੋਈ ਕਰੂਰ ਸ਼ਾਸਕ ਕਬਜ਼ਾ ਕਰ ਕੇ ਬੈਠ ਗਿਆ ਤੇ ਉਸ ਨੇ ਹੁਕਮ ਸੁਣਾਇਆ ਕਿ ਇੱਥੋਂ ਦਾ ਸਾਰਾ ਇਤਿਹਾਸ ਮਿਟਾ ਦਿੱਤਾ ਜਾਵੇ ਤੇ ਨਵਾਂ ਇਤਿਹਾਸ ਮੇਰੇ ਗੁਣਗਾਣ ਵਾਲਾ ਦੁਬਾਰਾ ਲਿਖਿਆ ਜਾਵੇ। (ਜਿਸ ਤਰ੍ਹਾਂ ਜਦੋਂ ਦਰਬਾਰ ਸਾਹਿਬ ’ਤੇ ਹਮਲਾ ਹੋਇਆ ਤਾਂ ਫ਼ੌਜ ਨੇ ਸਿੱਖ ਰੈਫ਼ਰੈਂਸ ਲਾਇਬਰੇਰੀ ਨੂੰ ਅੱਗ ਲਾ ਦਿੱਤੀ ਤੇ ਬਹੁਤਾਂਤ ਇਤਿਹਾਸਕ ਖਰੜੇ ਆਪਣੇ ਨਾਲ ਲੈ ਗਈ। ਇਹ ਵਰਤਾਰਾ ਪਹਿਲੀ ਵਾਰ ਨਹੀਂ ਹੋਇਆ, ਤਕਰੀਬਨ ਹਮਲਾਵਰ ਧਿਰ ਜਿਹੜੀ ਇਖ਼ਲਾਕ ਤੋਂ ਗਿਰੀ ਹੋਈ ਹੋਵੇ, ਉਹ ਇਸੇ ਤਰ੍ਹਾਂ ਹੀ ਕਰਦੀ ਹੈ।) ਗੋਰਾ ਮਿੱਤਰ ਕਹਿੰਦਾ ਕਿ ਇਹ ਖ਼ਬਰ ਸੁਣ ਕੇ ਇੱਕ ਬਜ਼ੁਰਗ ਨੇ ਆਪਣੀਆਂ ਇਤਿਹਾਸਕ ਕਿਤਾਬਾਂ ਜੋ ਉਹ ਪੜ੍ਹਦਾ ਸੀ, ਇੱਕ ਟਰੰਕ ’ਚ ਪਾ ਕੇ ਨਦੀ ਕਿਨਾਰੇ ਜਾ ਕੇ ਨਦੀ ਵਿੱਚ ਰੋੜ ਦਿੱਤੀਆਂ ਤੇ ਓਥੇ ਕਿਸੇ ਨੇ ਸਵਾਲ ਕੀਤਾ ਇਹ ਕੀ ਕਰ ਰਿਹਾਂ। ਬਜ਼ੁਰਗ ਦਾ ਜਵਾਬ ਸੀ ਕਿ ਇਹ ਟਰੰਕ ਜਦੋਂ ਵੀ ਕਿਸੇ ਦੇ ਹੱਥ ਲੱਗਿਆਂ ਤਾਂ ਘੱਟੋ ਘੱਟ ਜਿਹੜਾ ਇਹ ਰਾਜਾ ਨਵਾਂ ਇਤਿਹਾਸ ਸਿਰਜ ਰਿਹਾ ਹੈ, ਉਸ ਦੀ ਅਸਲੀਅਤ ਦਾ ਕਿਸੇ ਦੋ-ਚਾਰ  ਨੂੰ ਤਾਂ ਪਤਾ ਲੱਗ ਸਕੇਗਾ।

ਇਹੀ ਸਾਡੇ ਨਾਲ ਹੋਇਆ ਭਾਰਤੀ ਫ਼ੌਜ ਨੂੰ ਲੱਗਾ ਕਿ ਸ਼ਾਇਦ ਸਿੱਖਾਂ ਦਾ ਸਾਰਾ ਇਤਿਹਾਸ ਇੱਥੇ ਹੀ ਪਿਆ, ਪਰ ਸਾਡੇ ਕੋਲ ਵੀ ਉਸ ਬਜ਼ੁਰਗ ਦੀ ਸੋਚ ਵਾਲੇ ਬਹੁਤ ਬੁੱਧੀਜੀਵੀ ਸਨ। ਜਿਹਨਾਂ ਨੇ ਉਹ ਇਤਿਹਾਸ ਟਰੰਕਾਂ ਵਿੱਚ ਪਾ ਕੇ ਆਪਣੇ ਘਰਾਂ ਵਿੱਚ ਸਾਂਭਿਆ ਸੀ ਤੇ ਜ਼ਿਆਦਾਤਰ ਇਤਿਹਾਸਕ ਖਰੜੇ ਅਸੀਂ ਫਿਰ ਪੁਨਰ-ਜੀਵਤ ਕਰ ਕੇ ਓਸੇ ਸਿੱਖ ਰੈਫ਼ਰੈਂਸ ਲਾਇਬਰੇਰੀ ਵਿੱਚ ਸਾਂਭ ਲਏ। ਜਦੋਂ ਪੰਜਾਬ ਵਿਰੋਧੀਆਂ ਨੂੰ ਪਤਾ ਲੱਗਾ ਕਿ ਸਾਡੀ ਕੋਸ਼ਿਸ ਕਾਮਯਾਬ ਨਹੀਂ ਹੋਈ ਤਾਂ ਇਸ ਵਾਰੀ ਇਹਨਾਂ ਨੇ ਸਾਡੇ ਹੀ ਵਿੱਚੋਂ ਗੁਰੂ ਦੀ ਮਰਯਾਦਾ ਦੀ ਦੁਹਾਈ ਪਾ ਕੇ ਪਿੰਡਾਂ-ਪਿੰਡਾਂ ਵਿੱਚ ਹੋਕੇ ਦਿਵਾਏ ਕਿ ਜਿਹਨਾਂ ਦੇ ਘਰ ਵੀ ਪੁਰਾਣੀਆਂ ਪੋਥੀਆਂ, ਗੁਟਕਾ ਸਾਹਿਬ ਹੈਨ, ਉਹ ਸਾਰੇ ਸਾਨੂੰ ਦੇ ਜਾਉ, ਤੁਹਾਡੇ ਘਰਾਂ ਵਿੱਚ ਉਹਨਾਂ ਦੀ ਬੇਅਦਬੀ ਹੋ ਰਹੀ ਹੈ। ਅਸੀਂ ਸਸਕਾਰ ਕਰ ਦੇਵਾਂਗੇ ਤੇ ਤੁਹਾਨੂੰ ਨਵੇਂ ਫ੍ਰੀ ਵਿੱਚ ਦੇ ਦੇਵਾਂਗੇ। ਗੁਰੂ ਦਾ ਭੈਅ ਤੇ ਹਰੇਕ ਸਿੱਖ ਦੇ ਅੰਦਰ ਹੈ। ਬਹੁਤਿਆਂ ਨੇ ਬੇਅਦਬੀ ਦੇ ਡਰ ਤੋਂ ਹੀ ਬਿਨਾਂ ਜਾਂਚੇ-ਪੜਤਾਲੇ ਕਿ ਇਸ ਪਿੱਛੇ ਮਕਸਦ ਕੀ ਹੈ, ਲੋਕਾਂ ਨੇ ਆਪਣੇ ਘਰਾਂ ਵਿੱਚੋਂ ਪੁਰਾਤਨ ਗੁਟਕੇ ਸਾਹਿਬ, ਪੋਥੀਆਂ, ਗ੍ਰੰਥ ਲਿਆ ਕੇ ਇਹਨਾਂ ਨੂੰ ਦੇ ਦਿੱਤੇ। ਇਹਨਾਂ ਨੂੰ ਚਾਹੀਦਾ ਇਹ ਸੀ ਕਿ ਜੋ ਅਸਲ ਖਰੜੇ ਲੋਕਾਂ ਨੇ ਸਾਂਭੇ ਹਨ, ਉਹਨਾਂ ਦੀ ਨਵੀਂ ਜਿਲਦਬੰਦੀ ਕਰਵਾ ਕੇ ਇੱਕ ਮਿਊਜ਼ੀਅਮ ਬਣਾ ਕੇ ਉਸ ਵਿੱਚ ਸੁਸ਼ੋਭਿਤ ਕੀਤਾ ਜਾਵੇ। ਪਰ ਇਸ ਪਿੱਛੇ ਜੋ ਮਕਸਦ ਸੀ ਉਸ ਨੂੰ ਪੂਰਾ ਕਰਨ ਲਈ ਹਜ਼ਾਰਾਂ ਪੋਥੀਆਂ, ਕਿਤਾਬਾਂ, ਗੁਟਕੇ ਸਾਹਿਬਾਨ ਤੇ ਪੁਰਾਤਨ ਗ੍ਰੰਥਾਂ ਦਾ ਇਹਨਾਂ ਨੇ ਸਸਕਾਰ ਕਰ ਦਿੱਤਾ। ਅਜਿਹੇ ਦੋ ਤਰੀਕਿਆਂ ਨਾਲ਼ ਸਿੱਖਾਂ ਦਾ ਇਤਿਹਾਸ ਪਹਿਲਾਂ ਹੀ ਖ਼ਤਮ ਕਰਨ ਦੀ ਕੋਸ਼ਿਸ ਹੋ ਗਈ। ਹੁਣ ਅਗਲਾ ਹਥਿਆਰ ਡਿਜ਼ੀਟਲ ਹੈ। ਜਿਸ ਤਹਿਤ ਤੁਹਾਨੂੰ ਹੌਲੀ-ਹੌਲੀ ਪੇਪਰ ਰੂਪੀ ਕਿਤਾਬ, ਗ੍ਰੰਥ ਤੋਂ ਦੂਰ ਕਰਨਾ। ਜਦੋਂ ਤੁਹਾਡੇ ਘਰਾਂ ਵਿੱਚ ਇਹ ਖ਼ਤਮ ਹੋ ਗਏ, ਜਦੋਂ ਮਰਜ਼ੀ ਅਗਲੇ ਡਿਜ਼ੀਟਲ ਡਾਟੇ ਨੂੰ ਅਪਡੇਟ ਕਰ ਕੇ ਬਦਲ ਦੇਣ, ਸਬੂਤ ਕੀ ਹੈ ਤੁਹਾਡੇ ਕੋਲ? ਫਿਰ ਪਤਾ ਨਹੀਂ ਕਿਸ ਅਰਸਤੂ ਨੇ ਕਦੋਂ ਕਿਸੇ ਸਿਕੰਦਰ ਨੇ ਪੰਜਾਬ ਨੂੰ ਜਿੱਤਿਆ ਸਾਬਿਤ ਕਰ ਦੇਣਾ, ਤੁਹਾਡੀਆਂ ਪੀੜੀਆਂ ਨੂੰ ਪਤਾ ਨਹੀਂ ਲੱਗਣਾ। ਕੀ ਪਤਾ ਕਦੋਂ ਇਹਨਾਂ ਸਾਈਟਾਂ ਨੂੰ ਹੈਕ ਕਰ ਕੇ ਤੁਹਾਡਾ ਡਾਟਾ ਡਿਲੀਟ ਹੀ ਕਰ ਦਿੱਤਾ ਜਾਵੇ? ਕਈ ਕਹਿਣਗੇ ਜਿਸ ਤਰ੍ਹਾਂ ਅਸੀਂ ਕਿਤਾਬਾਂ ਸਾਂਭਦੇ ਹਾਂ ਓਸੇ ਤਰ੍ਹਾਂ ਪੈੱਨ-ਡਰਾਈਵ ਜਾਂ ਕਲਾਊਡ ਸਟੋਰੇਜ਼ ਵਿੱਚ ਸਾਂਭ ਕੇ ਵੀ ਰੱਖ ਸਕਦੇ ਹਾਂ, ਕਿਤਾਬ ਰੂਪ ਵਿੱਚ ਸਾਂਭਣਾ ਕਿਉਂ ਜ਼ਰੂਰੀ ਹੈ?

ਜਿਸ ਤਰ੍ਹਾਂ ਡੈੱਕ ਦੀਆਂ ਆਡੀਓ ਕੈਸਟਾਂ ਦਾ ਸਮਾਂ ਆਇਆ, ਬਾਅਦ ਵਿੱਚ ਵੀ.ਸੀ.ਆਰ. ਦੀਆਂ ਕੈਸਟਾਂ ਆ ਗਈਆਂ, ਫਿਰ ਉਹਨਾਂ ਦੀ ਥਾਂ ਸੀ.ਡੀਜ਼ ਜਾਂ ਡੀ.ਵੀ.ਡੀ. ਨੇ ਲੈ ਲਈ। ਜੇ ਕੱਲ੍ਹ ਨੂੰ ਸਮਾਂ ਬਦਲ ਗਿਆ, ਜਿਹੜੇ ਡਿਜ਼ੀਟਲ ਪਲੈਟਫ਼ਾਰਮ ਸਾਡੇ ਕੋਲ ਅੱਜ ਨੇ, ਉਹ ਵੀ ਬਦਲ ਗਏ ਫਿਰ? ਇਹਨਾਂ ਨੂੰ ਕਿਤਾਬ ਜਾਂ ਮੈਗਜ਼ੀਨ ਦੇ ਰੂਪ ਵਿੱਚ ਸਾਂਭਣਾ, ਓਸੇ ਤਰ੍ਹਾਂ ਜ਼ਰੂਰੀ ਹੈ, ਜਿਸ ਤਰ੍ਹਾਂ ਓਸ ਗੋਰੇ ਬਾਬੇ ਨੇ ਸਾਂਭਿਆ ਸੀ ਤੇ ਹਮਲਾ ਹੋਣ ਦੀ ਸੂਰਤ ਵਿੱਚ ਟਰੰਕ ਅਗਾਂਹ ਨੂੰ ਤੋਰ ਦਿੱਤਾ।

ਇਹ ਕਿਤਾਬ ਜਾਗਦੀ ਹੈ
ਖ਼ਰੀਦੋ ਰੱਖੋ, ਪੜ੍ਹੋ ਨਾ ਪੜ੍ਹੋ, ਘਰ ਦੇ ਰੈਕ 'ਚ ਰੱਖੋ
ਰੱਖੋ ਤੇ ਭੁਲ ਜਾਓ
ਜੇ ਤੁਸੀਂ ਪੜ੍ਹ ਨਹੀਂ ਸਕਦੇ, ਯਾਦ ਰੱਖ ਨਹੀਂ ਸਕਦੇ
ਸੌਣ ਦਿਓ ਕਿਤਾਬ ਨੂੰ
ਮਹੀਨੇ ਸਾਲ ਪੀੜ੍ਹੀ ਦਰ ਪੀੜ੍ਹੀ, ਉਡੀਕ ਕਰੋ,
ਜਾਗੇਗੀ ਕਿਤਾਬ
ਕਿਸੇ ਦਿਨ, ਕਿਸੇ ਪਲ, ਪੜ੍ਹੇਗਾ ਕੋਈ
ਜਿਸ ਨੇ ਨਹੀਂ ਖ਼ਰੀਦਣੀ ਸੀ, ਇਹ ਕਿਤਾਬ

(ਰਾਣਾ ਰਣਬੀਰ)

ਹੁਣ ਮਿਸਾਲ ਦੇ ਤੌਰ 'ਤੇ ਗੁਰਬਿਲਾਸ ਪਾਤਿਸ਼ਾਹੀ 6 ਗ੍ਰੰਥ ਲੈ ਲਈਏ; ਡਿਜ਼ੀਟਲ ਖਰੜਾ ਜਿੰਨਾ ਵੀ ਅਸੀਂ ਲੱਭਿਆ, ਉਹ ਪੁਰਾਤਨ ਖਰੜੇ ਨਾਲ ਮੇਲ ਹੀ ਨਹੀਂ ਖਾਂਦਾ ਤੇ ਅਗਾਂਹ ਜਿਹੜੀ ਵੀ ਕੋਈ ਛਪਵਾਈ ਹੋ ਰਹੀ ਉਹ ਇਸ ਡਿਜ਼ੀਟਲ ਦੀ ਹੀ ਹੋ ਰਹੀ। ਕਿੰਨੀ ਬਰੀਕੀ ਨਾਲ ਇੱਕ ਗ੍ਰੰਥ ਦਾ ਕਿੰਨਾ ਹਿੱਸਾ ਬਦਲ ਦਿੱਤਾ, ਸਾਨੂੰ ਪਤਾ ਹੀ ਨਹੀਂ ਲੱਗਾ। ਖ਼ੈਰ ਇਸ ਵਿਸ਼ੇ 'ਤੇ ਜ਼ਿਆਦਾ ਡੂੰਘਾਈ 'ਚ ਗਏ ਤਾਂ ਲੇਖ ਦਾ ਆਕਾਰ ਬਹੁਤ ਲੰਮਾ ਹੋ ਜਾਵੇਗਾ। ਆਪਣੀ ਪਹਿਲੀ ਗੱਲ 'ਤੇ ਆਉਂਦਾ ਹਾਂ।

ਮੇਰਾ ਸ਼ੁਰੂ ਤੋਂ ਰੁਝਾਨ ਰਿਹਾ ਕਿ ਅਸੀਂ ਆਪਣਾ ਪੁਰਾਤਨ ਤੇ ਨਵੀਨਤਮ ਇਤਿਹਾਸ ਆਪਣੀ ਪੀੜੀਆਂ ਤਕ ਪਹੁੰਚਾਉਣ ਤੋਂ ਵਾਂਝੇ ਨਾ ਰਹੀਏ ਤਾਂ ਹੀ ਜਦੋਂ ਵੀ ਕੋਈ ਵਧੀਆ ਮੈਗਜ਼ੀਨ ਪੰਜਾਬ ਦੀ ਧਰਤੀ 'ਤੇ ਨਿਕਲਣਾ ਤਾਂ ਮੈਂ ਉਸ ਦੀਆਂ ਕਈ ਕਾਪੀਆਂ ਮੰਗਵਾ ਕੇ ਵੰਡਣੀਆਂ ਤੇ ਅੱਜ ਵੀ ਮੇਰੇ ਕੋਲ ਕਈ ਪੁਰਾਤਨ ਮੈਗਜ਼ੀਨਾਂ ਦੀਆਂ ਬਹੁਤ ਕਾਪੀਆਂ ਸਾਂਭੀਆਂ ਪਈਆਂ ਹਨ। ਓਸ ਵੇਲੇ ਤਕ ਇਉਂ ਲੱਗਦਾ ਸੀ ਕਿ ਸਾਨੂੰ ਆਪਣਾ ਮੈਗਜ਼ੀਨ ਕੱਢਣ ਦੀ ਲੋੜ ਨਹੀਂ ਕਿਉਂ ਜੋ ਪਹਿਲਾਂ ਹੀ ਸਾਡੇ ਕਈ ਵੀਰ ਕਿੰਨੇ ਸੋਹਣੇ ਉਪਰਾਲੇ ਕਰ ਰਹੇ ਹਨ। ਉਹਨਾਂ ਨਾਲ ਹੀ ਸਹਿਯੋਗ ਕੀਤਾ ਜਾਵੇ ਤਾਂ ਵਧੀਆ ਗੱਲ ਜਾਪਦੀ ਸੀ। ਪਰ ਜਿਉਂ ਕਰੋਨਾ ਆਇਆ। ਇਸ ਤੋਂ ਬਾਅਦ ਬਹੁਤਾਂਤ ਸਾਡੇ ਮੈਗਜ਼ੀਨ ਜਾਂ ਤਾ ਡਿਜ਼ੀਟਲ ਹੋ ਗਏ ਜਾਂ ਆਰਥਿਕ ਤੰਗੀਆਂ ਨਾਲ ਜੂਝਦੇ ਬੰਦ ਹੋ ਗਏ।

ਕਿਤਾਬਾਂ ਨਾਲ ਅਜੇ ਜ਼ਿਆਦਾ ਇਸ ਤਰ੍ਹਾਂ ਨਹੀਂ ਹੋਇਆ। ਕਿਤਾਬਾਂ ਦੀ ਅਜੇ ਵੀ ਬਹੁਗਿਣਤੀ ਵਿੱਚ ਪ੍ਰਿੰਟਿੰਗ ਹੁੰਦੀ ਹੈ। ਪਰ ਜਿਹੜਾ ਤਵਾਰੀਖ਼ ਨੂੰ ਰੋਜ਼ਾਨਾ ਲਿਖਣ ਵਾਲਾ ਕਾਰਜ ਹੈ, ਅਖ਼ਬਾਰ ਜਾਂ ਮੈਗਜ਼ੀਨ, ਉਹ ਜ਼ਿਆਦਾਤਰ ਡਿਜ਼ੀਟਲ ਹੋ ਗਏ। ਇਸ ਦਾ ਨਤੀਜਾ ਇਹ ਨਿਕਲਣਾ ਕਿ ਅੱਗੇ ਜਾ ਕੇ ਜਦੋਂ ਇਤਿਹਾਸਕਾਰਾਂ ਨੇ ਤਾਰੀਖ਼ ਦੇ ਅੱਜ ਵਾਲੇ ਹਿੱਸੇ 'ਤੇ ਝਾਤ ਮਾਰ ਕੇ ਇਤਿਹਾਸ ਲਿਖਣਾ ਤਾਂ ਕਿਤਾਬਾਂ ਤੋਂ ਸਿਵਾਏ ਕੁਝ ਵੀ ਨਹੀਂ ਲੱਭਣਾ। ਕਿਤਾਬਾਂ ਵੀ ਜਿਆਦਾਤਰ ਜਾਂ ਤਾਂ ਭੂਤਕਾਲ 'ਤੇ ਲਿਖੀਆਂ ਜਾਂਦੀਆਂ ਨੇ ਜਾਂ ਕਲਪਨਾਵਾਂ ਕਰ ਕੇ। ਕਿਤਾਬਾਂ ਵਿੱਚ ਚਲੰਤ ਮੁੱਦੇ ਬਹੁਤ ਘੱਟ ਉਭਾਰੇ ਜਾਂਦੇ ਹਨ। ਫਿਰ ਅੱਜ ਇਸ ਬਿਖੜੇ ਪੈਂਡੇ ਵਿੱਚ ਮੈਂ ਨਿਰਣਾ ਕੀਤਾ ਕਿ ਪੰਥ ਤੇ ਪੰਜਾਬ ਦਾ ਇੱਕ ਮੈਗਜ਼ੀਨ ਜ਼ਰੂਰ ਕੱਢਿਆ ਜਾਏ। ਜੋ ਪੇਪਰ ਰੂਪ ਵਿੱਚ ਲੋਕਾਂ ਤਕ ਪਹੁੰਚਾਇਆ ਜਾਵੇ। ਬਹੁਤ ਮਿੱਤਰਾਂ ਨਾਲ ਸਲਾਹ ਮਸ਼ਵਰੇ ਕੀਤੇ। ਜ਼ਿਆਦਾਤਰ ਦਾ ਜਵਾਬ ਸੀ ਕਿ ਜਿਹੜੇ ਦੌਰ ਵਿੱਚ ਮੈਗਜ਼ੀਨ ਨਿਕਲਦੇ ਸਨ, ਓਸ ਵੇਲੇ ਇਹ ਇੱਕ ਮੁਨਾਫ਼ੇ ਵਾਲਾ ਕੰਮ ਸੀ ਪਰ ਅੱਜ ਡਿਜ਼ੀਟਲ ਦੌਰ ਵਿੱਚ ਤਾਂ ਇਹ ਬਹੁਤ ਘਾਟੇ ਦਾ ਸੌਦਾ ਹੈ। ਤੇ ਜ਼ਿਆਦਾਤਰ ਮਿੱਤਰ-ਸਨੇਹੀ ਮੇਰੇ ਇਸ ਫ਼ੈਸਲੇ ਨੂੰ ਨਾਂਹ ਕਰ ਗਏ ਤੇ ਕਹਿਣ ਲੱਗੇ ਜਦੋਂ ਕੋਈ ਮੁਨਾਫ਼ੇ ਵਾਲਾ ਕਾਰਜ ਕਰਨਾ ਹੋਇਆ, ਅਸੀਂ ਤੇਰੇ ਨਾਲ ਹਾਂ।

ਪਰ ਜਿਸ ਤਰ੍ਹਾਂ ਗੁਰੂ ਸਾਹਿਬ ਜੀ ਦੇ ਫ਼ੁਰਮਾਣ ਦਾ ਮੈਂ ਸ਼ੁਰੂ ਵਿੱਚ ਜ਼ਿਕਰ ਕੀਤਾ ਹੈ 'ਜਾਮ ਗੁਰੂ ਹੋਇ ਵਲ' ਫਿਰ ਤਾਂ ਕਿਸੇ ਦੀ ਵੀ ਲੋੜ ਨਹੀਂ। ਅਕਾਲ ਪੁਰਖ ਦਾ ਓਟ ਆਸਰਾ ਲੈ ਕੇ 'ਜਾ ਤੇਰਾ ਬੰਦਾ' ਦੇ ਸਿਧਾਂਤ ਨੂੰ ਧਿਆ ਕੇ ਉਸ ਦਾ ਬੰਦਾ ਬਣ ਕੇ ਇਹ ਕਾਰਜ ਸ਼ੁਰੂ ਕਰ ਲਿਆ।

ਹੁਣ ਸੰਗਤ ਜੀ ਤੁਹਾਡਾ ਫ਼ਰਜ਼ ਬਣਦਾ ਕਿ ਇਸ ਮੈਗਜ਼ੀਨ ਨੂੰ ਓਸ ਗੋਰੇ ਦੇ ਟਰੰਕ ਵਾਂਗ ਸਾਂਭ ਕੇ ਰੱਖਣਾ ਤੇ ਆਪਣੀਆਂ ਆਉਣ ਵਾਲੀਆਂ ਪੀੜੀਆਂ ਨੂੰ ਦੇਣਾ ਹੈ। ਤਾਰੀਖ਼ ਵਿੱਚ ਅੱਜ ਜੋ ਕੁਝ ਵੀ ਵਾਪਰ ਰਿਹਾ ਜਾਂ ਅੱਗੇ ਵਾਪਰੇਗਾ ਉਸ ਨੂੰ ਹੂ ਬਹੂ ਮੈਗਜ਼ੀਨ ਵਿੱਚ ਲਿਖਣ ਦਾ ਅਸੀਂ ਵਾਅਦਾ ਕਰਦੇ ਹਾਂ। ਗੁਰੂ ਦੇ ਭਾਣੇ ਵਿੱਚ ਤਾਰੀਖ਼ ਦੇ ਉਹ ਪੰਨੇ ਪੂਰੀ ਸੱਚੀ ਤੇ ਸੁੱਚੀ ਨੀਅਤ ਨਾਲ ਇਸ ਮੈਗਜ਼ੀਨ ਵਿੱਚ ਓਸੇ ਤਰ੍ਹਾਂ ਦਰਜ ਕਰਾਂਗੇ, ਜਿਸ ਤਰ੍ਹਾਂ ਅਕਾਲ ਪੁਰਖ ਦੇ ਭਾਣੇ ਵਿੱਚ ਉਹ ਵਾਪਰੇ ਹਨ।

ਜਿੱਥੇ ਭੱਜਣ ਵਾਲਿਆਂ ਦੀ ਗਿਣਤੀ ਬਹੁਤ ਸੀ ਓਥੇ ਹੀ ਨਾਲ ਖੜ੍ਹਨ ਵਾਲਿਆਂ ਦੀ ਗਿਣਤੀ ਵੀ ਇੰਨੀ ਹੈ ਕਿ ਸਾਰਿਆਂ ਦੇ ਨਾਂ ਇੱਥੇ ਲਿਖਣੇ ਮੁਮਕਿਨ ਨਹੀਂ; ਇਸ ਲਈ ਧੰਨਵਾਦ ਕਰਦਾਂ ਉਹਨਾਂ ਸਮੂਹ ਵੀਰਾਂ ਦਾ ਜਿਹਨਾਂ ਨੇ ਸਮੇਂ ਦੀ ਲੋੜ ਸਮਝਦੇ ਹੋਏ ਮੇਰੇ ਇਸ ਕਾਰਜ ਵਿੱਚ ਆਪਣਾ ਸਹਿਯੋਗ ਦਿੱਤਾ ਤੇ ਮੈਨੂੰ ਇਹ ਕਾਰਜ ਕਰਨ ਲਈ ਹੌਂਸਲਾ ਤੇ ਬਲ਼ ਦਿੱਤਾ।

ਬਹੁਤ ਸ਼ੁਕਰਾਨਾ ਸੱਚੇ ਪਾਤਸ਼ਾਹ ਦਾ ਜਿਸ ਨੇ ਆਪਣਾ ਬੰਦਾ ਬਣਾਇਆ ਤੇ ਇਸ ਕਾਰਜ ਲਈ ਮੇਰੇ ਜਿਹੀ ਨਾਚੀਜ ਹਸਤੀ ਨੂੰ ਚੁਣਿਆ। ਧੰਨ ਸਾਹਿਬ ਸ੍ਰੀ ਗੁਰੂ ਗ੍ਰੰਥ ਮਹਾਰਾਜ ਜੀ ਨੇ ਬਹੁਤ ਸਾਰੇ ਰੁਤਬਿਆਂ ਨਾਲ ਹੁਣ ਤਕ ਨਿਵਾਜਿਆ ਹੈ, ਓਸ ਲਈ ਮੈਂ ਹਮੇਸ਼ਾਂ ਅਕਾਲ ਪੁਰਖ ਦਾ ਸ਼ੁਕਰਗੁਜ਼ਾਰ ਹਾਂ। ਕਲਯੁਗੀ ਜੀਵ ਹਾਂ, ਕਦੇ ਵੀ ਇਹ ਕਾਰਜ ਕਰਦੇ ਹੋਏ ਜਾਂ ਉਸ ਤਰ੍ਹਾਂ ਪੰਥਕ ਸਫ਼ਾਂ 'ਚ ਵਿਚਰਦੇ, ਜੇ ਹੁਣ ਤਕ ਕੋਈ ਭੁੱਲ ਗ਼ਲਤੀ ਹੋਈ ਹੋਵੇ ਜਾਂ ਕਿਸੇ ਦਾ ਦਿਲ ਦੁਖਾਇਆ ਹੋਵੇ ਤਾਂ ਮੈਂ ਖ਼ਿਮਾ ਦਾ ਜਾਚਕ ਹਾਂ ਤੇ ਆਸ ਕਰਦਾ ਹਾਂ ਅੱਗੇ ਵੀ ਜਿੰਨਾ ਚਿਰ ਸਵਾਸ ਹਨ, ਚੰਗੇ ਕੰਮਾਂ ਦੀ ਤੁਸੀਂ ਸ਼ਲਾਘਾ ਕਰਦੇ ਰਹੋਂਗੇ ਤੇ ਹੋਣ ਵਾਲੀਆਂ ਗ਼ਲਤੀਆਂ ਤੋਂ ਸੁਚੇਤ ਕਰਵਾਉਂਦੇ ਰਹੋਂਗੇ।

ਗੁਰੂ ਪੰਥ ਦਾ ਦਾਸ

**ਮਨਜੀਤ ਸਿੰਘ ਭੋਗਲ (ਜਰਮਨੀ)**
ਮੁੱਖ ਸੰਪਾਦਕ ਪੰਜਾਬਨਾਮਾ
ਚੇਅਰਮੈਨ (IPCC germany

* * * *

## ਸੀਨੇ ਖਿੱਚ ਜਿਨ੍ਹਾਂ ਨੇ ਖਾਧੀ
# ਉਹ ਕਰ ਆਰਾਮ ਨਹੀਂ ਬਹਿੰਦੇ

ਸ. ਮਨਜੀਤ ਸਿੰਘ ਭੋਗਲ ਵਿਦੇਸ਼ ਵਿੱਚ ਜਰਮਨ ਦੀ ਧਰਤੀ 'ਤੇ ਰਹਿ ਰਹੇ ਹਨ। ਬੇਸ਼ੱਕ ਵਿਦੇਸ਼ ਵਿੱਚ ਰਹਿੰਦੇ ਹਨ ਪਰ ਉਹਨਾਂ ਅੰਦਰ ਆਪਣੀ ਮਿੱਟੀ, ਮਾਂ ਬੋਲੀ, ਆਪਣੇ ਵਿਰਸੇ, ਆਪਣੇ ਧਰਮ, ਆਪਣੇ ਗੁਰ-ਇਤਿਹਾਸ ਪ੍ਰਤੀ ਮੋਹ ਦੀ ਸਿਖ਼ਰ ਹੀ ਹੈ ਕਿ ਉਹ ਮੈਗਜ਼ੀਨ 'ਪੰਜਆਬ' ਕੱਢਣ ਦਾ ਔਖਾ ਉਪਰਾਲਾ ਕਰ ਰਹੇ ਹਨ। ਜਿਸ ਵਿੱਚ ਇਹਨਾਂ ਦੀ ਦਿਲੀ ਤਮੰਨਾ ਹੈ ਕਿ ਸਾਡੇ ਬੱਚੇ, ਸਾਡੀ ਨੌਜਵਾਨ ਪੀੜ੍ਹੀ ਆਪਣੇ ਧਰਮ ਪ੍ਰਤੀ ਤੇ ਆਪਣੇ ਵਿਲੱਖਣ ਗੁਰ ਇਤਿਹਾਸ ਤੇ ਸਿੱਖ ਇਤਿਹਾਸ ਪ੍ਰਤੀ ਜਾਗਰੂਕ ਹੋ ਸਕੇ।



'ਪੰਜਆਬ' ਜਿਹਾ ਕਿ ਆਪਣੇ ਨਾਂ ਤੋਂ ਹੀ ਸਪਸ਼ਟ ਹੈ ਕਿ ਇਹ ਅਣਵੰਡੇ ਪੰਜਾਬ ਦੇ ਗੁਰਧਾਮਾਂ ਅਤੇ ਸਾਹਿਤ ਦੇ ਮੇਲ-ਮਿਲਾਪ ਦਾ ਵਧੀਆ ਜ਼ਰੀਆ ਬਣੇਗਾ। ਮੈਂ ਅਰਦਾਸ ਕਰਦੀ ਹਾਂ ਕਿ ਸ. ਮਨਜੀਤ ਸਿੰਘ ਭੋਗਲ ਜੀ ਨੂੰ ਹਰ ਘੜੀ, ਹਰ ਪਲ, ਸਫ਼ਲਤਾ ਹਾਸਲ ਹੋਵੇ। ਦਿਨ ਦੂਣੀ ਰਾਤ ਚੌਗੁਣੀ ਤਰੱਕੀ ਬਖ਼ਸ਼ੇ।

ਇੱਕ ਵਾਰੀ ਮੈਂ ਫਿਰ 'ਪੰਜਆਬ' ਅਦਾਰੇ ਦੇ ਸਾਰੇ ਮੈਂਬਰ ਸਹਿਬਾਨ ਨੂੰ ਵਧਾਈ ਦਿੰਦੀ ਹਾਂ। ਸੱਚੇ ਪਾਤਸ਼ਾਹ ਹੋਰ ਬਲ਼ ਤੇ ਬੁੱਧ ਬਖ਼ਸ਼ੇ।

ਸ਼ੁੱਭ ਇਛਾਵਾਂ ਸਹਿਤ

**ਡਾ. ਅਮਰਜੀਤ ਕੌਰ ਬਮਰਾ**
ਪਿੰਡ ਤੇ ਡਾਕਖਾਨਾ- ਇੱਬਨ ਕਲਾਂ, ਝਬਾਲ ਰੋਡ, ਅੰਮ੍ਰਿਤਸਰ।
# 97806 35197

* * * *

# ਆਪ ਕੇ ਸੰਤ ਤੋ ਹਮਾਰੇ ਲੀਏ ਖ਼ੁਦਾ ਹੈਂ

ਸੰਤ ਜਰਨੈਲ ਸਿੰਘ ਖ਼ਾਲਸਾ ਭਿੰਡਰਾਂਵਾਲ਼ੇ, ਖ਼ਾਲਸਾ ਪੰਥ ਦੀ ਐਸੀ ਮਹਾਨ ਸ਼ਖ਼ਸੀਅਤ ਹਨ ਜਿਨ੍ਹਾਂ ਦੀਆਂ ਸਿਫ਼ਤਾਂ ਦੂਜੀਆਂ ਕੌਮਾਂ ਦੇ ਲੋਕ ਵੀ ਕਰਦੇ ਹਨ। ਜਦੋਂ ਸੰਨ 2023 'ਚ ਅਸੀਂ ਕਸ਼ਮੀਰ ਗਏ ਤਾਂ ਪਹਿਲਗਾਮ 'ਚ ਅਚਾਨਕ ਹੀ ਸਾਡੀ ਮੁਲਾਕਾਤ ਇੱਕ ਮੁਸਲਿਮ ਵੀਰ 'ਮਹਿਰਾਜ ਦੀਨ ਭੱਟ' ਨਾਲ ਹੋਈ। ਜਦ ਉਸ ਨੇ ਮੇਰੀ ਗੱਡੀ 'ਤੇ ਸੰਤ ਜਰਨੈਲ ਸਿੰਘ ਜੀ ਦੀ ਤਸਵੀਰ ਲੱਗੀ ਵੇਖੀ ਤਾਂ ਉਹ ਬਾਗ਼ੋ-ਬਾਗ਼ ਹੋ ਗਿਆ, ਉਸ ਨੇ ਸੰਤਾਂ ਦੀ ਤਸਵੀਰ ਨੂੰ ਸੈਲਿਊਟ ਕੀਤਾ। ਮੇਰੇ ਦੋਸਤ ਸ. ਅੰਗਦ ਸਿੰਘ ਨੇ ਸਾਨੂੰ ਉਸ ਨਾਲ਼ ਮਿਲ਼ਾਇਆ ਤੇ ਅਸੀਂ ਕਾਫ਼ੀ ਗੱਲਾਂ ਸਾਂਝੀਆਂ ਕੀਤੀਆਂ।



ਉਸ ਮੁਸਲਿਮ ਵੀਰ ਦੀ ਕਹੀ ਇੱਕ ਗੱਲ ਮੈਨੂੰ ਕਦੇ ਨਹੀਂ ਭੁੱਲਦੀ, ਤੇ ਵਾਰ-ਵਾਰ ਕੰਨਾਂ 'ਚ ਗੂੰਜਦੀ ਰਹਿੰਦੀ ਹੈ। ਉਸ ਦੇ ਬੋਲ ਸਨ ਕਿ "ਅਰੇ ਸਰਦਾਰ! ਆਪ ਕੇ ਸੰਤ ਤੋ ਹਮਾਰੇ ਲੀਏ ਖ਼ੁਦਾ ਹੈਂ, ਵੋਹ ਬਹੁਤ ਮਹਾਨ ਥੇ। ਵੋਹ ਹਮਾਰੇ ਲੀਡਰੋਂ ਜੈਸੇ ਨਹੀਂ ਥੇ, ਉਨਹੋਂ ਨੇ ਅਪਨਾ ਲਹੂ ਵਹਾ ਕਰ ਆਪ ਕੀ ਕੌਮ ਕੋ ਜ਼ਿੰਦਾ ਕਰ ਦੀਆ। ਆਜ ਭੀ ਸਰਕਾਰ ਉਸ ਕੀ ਫੋਟੋ ਸੇ ਡਰਤੀ ਹੈ, ਆਪ ਨੇ ਗਾੜੀ ਪਰ ਉਸ ਕੀ ਫੋਟੋ ਲਗਾ ਕਰ ਹਮੇਂ ਖ਼ੁਸ਼ ਕਰ ਦੀਆ। ਸੰਘਰਸ਼ ਔਰ ਜੰਗ ਕੀ ਸਫ਼ਲਤਾ ਕੇ ਲੀਏ ਐਸੇ ਲੀਡਰ ਕਾ ਹੋਨਾ ਬਹੁਤ ਜ਼ਰੂਰੀ ਹੈ, ਨਹੀਂ ਤੋ ਸਭ ਖ਼ਾਕ ਮੇਂ ਮਿਲ਼ ਜਾਤਾ ਹੈ।"

ਇਸੇ ਤਰ੍ਹਾਂ ਸੰਨ 2019 'ਚ ਸ੍ਰੀ ਨਗਰ ਦੇ ਬਜ਼ਾਰ 'ਚ ਸਾਨੂੰ ਇੱਕ ਬਜ਼ੁਰਗ ਮੁਸਲਮਾਨ ਮਿਲ਼ਿਆ। ਉਸ ਦੇ ਹੱਥ 'ਚ ਦੋ ਕੁਲਫ਼ੀਆਂ ਸਨ, ਉਹ ਮੈਨੂੰ ਅਤੇ ਮੇਰੀ ਸਿੰਘਣੀ (ਕਮਲਜੀਤ ਕੌਰ ਨਿਹੰਗ) ਨੂੰ ਕਹਿਣ ਲੱਗਾ ਕਿ "ਆਪ ਯੇਹ ਲੀਜੀਏ ਔਰ ਖਾਈਏ।" ਉਸ ਬਜ਼ੁਰਗ ਦੇ ਚਿਹਰੇ ਉੱਤੇ ਬੜੀ ਖ਼ੁਸ਼ੀ ਝਲਕ ਰਹੀ ਸੀ। ਉਸ ਨੇ ਸਾਨੂੰ ਦੱਸਿਆ ਕਿ ਮੈਂ ਤੁਹਾਨੂੰ ਵੇਖ ਕੇ ਇਹ ਕੁਲਫ਼ੀਆਂ ਸਪੈਸ਼ਲ ਲੈ ਕੇ ਆਇਆ ਹਾਂ। ਉਸ ਮੁਸਲਮਾਨ ਦੇ ਬੋਲ ਸਨ ਕਿ "ਜਬ ਯਹਾਂ ਪਾਣੀ/ਹੜ੍ਹ ਆ ਗਿਆ ਥਾ ਤੋ 'ਖ਼ਾਲਸਾ ਏਡ' ਨੇ ਹਮਾਰੀ ਬਹੁਤ ਮਦਦ ਕੀ ਥੀ। ਆਪ ਅੱਲਾਹ ਕੇ ਬੰਦੇ ਹੋ, ਸਭ ਕਾ ਭਲਾ ਕਰਤੇ ਹੋ। ਹਮ ਸਿੱਖੋਂ ਕੇ ਦੇਣਦਾਰ ਹੈਂ, ਜਬ ਇੰਡੀਆ ਹਮ ਪਰ ਜ਼ੁਲਮ ਕਰਤਾ ਹੈ ਤੋ ਆਪ ਸਿੱਖ ਲੋਗ ਪੰਜਾਬ ਸੇ ਹਮਾਰੇ ਹੱਕ ਕੇ ਲੀਏ ਬੋਲਤੇ ਹੈਂ। ਆਪ ਕੇ ਬਾਬਾ ਭਿੰਡਰਾਂਵਾਲੇ ਕੋ ਭੀ ਹਮ ਅਪਨਾ ਲੀਡਰ ਮਾਨਤੇ ਹੈਂ, ਸੰਤ ਭਿੰਡਰਾਂਵਾਲ਼ੇ ਜੈਸਾ ਕੋਈ ਨਹੀਂ ਹੈ, ਉਸ ਕੋ ਹਮ ਸਿਜਦਾ ਕਰਤੇਂ ਹੈਂ।"

ਅਜਿਹਾ ਹੀ ਇੱਕ ਹੋਰ ਵਾਕਿਆ ਮੈਨੂੰ ਯਾਦ ਹੈ ਕਿ ਅਸੀਂ ਸ੍ਰੀ ਨਗਰ ਦੀ ਇੱਕ ਦਰਗਾਹ ਹਜ਼ਰਤਬਲ ਦੇ ਨੇੜਿਓਂ ਕੁਝ ਖ਼੍ਰੀਦ ਰਹੇ ਸੀ ਤਾਂ ਇੱਕ ਨੌਜਵਾਨ ਮੁਸਲਮਾਨ ਵੀਰ 'ਆਸ਼ੀਆਂ ਖ਼ਾਂ' ਜੋ ਮੇਰੀ ਗੱਡੀ ਉੱਤੇ ਸੰਤਾਂ ਦੀ ਤਸਵੀਰ ਵੇਖ ਕੇ ਕਹਿਣ ਲੱਗਾ:- "ਅਰੇ ਸਰਦਾਰ ਸਾਬ੍ਹ! ਯੇ ਭਿੰਡਰਾਂਵਾਲੇ ਕੀ ਹੀ ਤਸਵੀਰ ਹੈ ? ਜੋ ਆਪ ਕੇ ਮੰਦਰ ਮੇਂ ਅੰਮ੍ਰਿਤਸਰ ਸ਼ਹੀਦ ਹੁਏ ਥੇ!"

ਮੈਂ ਕਿਹਾ, "ਹਾਂਜੀ! ਇਹ ਸੰਤ ਜਰਨੈਲ ਸਿੰਘ ਜੀ ਖ਼ਾਲਸਾ ਭਿੰਡਰਾਂਵਾਲ਼ਿਆਂ ਦੀ ਤਸਵੀਰ ਹੈ।" ਫਿਰ ਉਸ ਮੁਸਲਮਾਨ ਵੀਰ ਨੇ ਕਿਹਾ ਕਿ "ਜਬ 1984 ਮੇਂ ਅਪ੍ਰੇਸ਼ਨ ਬਲਿਊ ਸਟਾਰ ਹੂਆ ਥਾ, ਤੋ ਮੇਰੇ ਚਾਚਾ ਨੇ ਯਹਾਂ ਸਰਦਾਰੋਂ ਕੇ ਸਾਥ ਮਿਲ਼ ਕਰ ਸਰਕਾਰ ਕੇ ਖ਼ਿਲਾਫ਼ ਪ੍ਰੋਟੈਸਟ ਕੀਆ ਥਾ। ਉਸ ਪ੍ਰੋਟੈਸਟ ਮੇਂ ਮੇਰੇ ਚਾਚਾ ਔਰ ਤੀਨ-ਚਾਰ ਸਰਦਾਰੋਂ ਕੋ ਫ਼ੌਜ ਨੇ ਗੋਲ਼ੀ ਮਾਰ ਦੀ ਥੀ।"

ਮੇਰੀ ਰੀਝ ਹੈ ਕਿ ਕਦੇ ਇਹਨਾਂ ਸ਼ਹੀਦ ਹੋਏ ਸਿੰਘਾਂ ਅਤੇ ਮੁਸਲਮਾਨ ਵੀਰਾਂ ਬਾਰੇ ਵੀ ਖੋਜ ਕਰਕੇ ਜ਼ਰੂਰ ਲਿਖਣਾ ਹੈ। ਸੰਤ ਜਰਨੈਲ ਸਿੰਘ ਖ਼ਾਲਸਾ ਭਿੰਡਰਾਂਵਾਲ਼ਿਆਂ ਬਾਰੇ ਕਿਸੇ ਅਦੀਬ ਦੇ ਬੋਲ ਹਨ ਕਿ "ਖ਼ੁਦਾ ਤੁਮ ਕੋ ਨਹੀਂ ਕਹਿ ਤੇ, ਮਗਰ ਸ਼ਾਨ-ਏ-ਖ਼ੁਦਾ ਤੁਮ ਹੋ।"

* * * *



– ਰਣਜੀਤ ਸਿੰਘ ਦਮਦਮੀ ਟਕਸਾਲ
(ਪ੍ਰਧਾਨ ਸਿੱਖ ਯੂਥ ਫ਼ੈਡਰੇਸ਼ਨ ਭਿੰਡਰਾਂਵਾਲ਼ਾ)

# ਲੜਾਈ ਸਿਰਫ ਏਨੀ ਕੁ ਹੈ

ਭਾਰਤੀ ਹਿੰਦੂਤਵੀ ਹਕੂਮਤ ਨਾਲ ਸਾਡੀ ਲੜਾਈ ਸਿਰਫ ਏਨੀ ਕੁ ਹੈ ਕਿ ਉਹ ਕਹਿੰਦੇ ਨੇ ਕਿ ਤੁਸੀਂ ਸਾਡੇ ਗੁਲਾਮ ਬਣ ਕੇ ਰਹੋ, ਮੂੰਹ ਤੇ ਛਿੱਤਰ ਖਾਓ, ਰੱਜ ਕੇ ਜਲੀਲ ਹੋਵੋ, ਧੌਣ ਨੀਵੀਂ ਕਰਕੇ ਤੁਰੋ, ਗੁਰੂ ਗ੍ਰੰਥ ਸਾਹਿਬ ਦਾ ਅਪਮਾਨ ਕਰਵਾਓ, ਧੀਆਂ ਭੈਣਾਂ ਦੀ ਇੱਜ਼ਤ ਲੁਟਵਾਓ, ਸਿੱਖ ਹੋਣ ਤੋਂ ਮੁਨਕਰ ਹੋ ਜਾਓ।

ਅਸੀਂ ਕਹਿੰਦੇ ਹਾਂ ਕਿ ਸਾਡਾ ਕਿਸੇ ਨਾਲ ਵੈਰ ਨਹੀਂ, ਅਸੀਂ ਗੁਰੂ ਆਸ਼ੇ ਅਨੁਸਾਰ ਅਜ਼ਾਦ ਜੀਵਨ ਬਤੀਤ ਕਰਨਾ ਚਾਹੁੰਦੇ ਹਾਂ, ਅਸੀਂ ਸਰਬੱਤ ਦਾ ਭਲਾ ਲੋਚਦੇ ਹਾਂ, ਤੇ ਜ਼ਾਲਮਾਂ ਦੇ ਮੂੰਹ ਭੰਨਣ ਵਾਲੇ ਹਾਂ, ਅਸੀਂ ਨਾ ਜ਼ੁਲਮ ਕਰਦੇ ਹਾਂ ਤੇ ਨਾ ਹੀ ਸਹਿੰਦੇ ਹਾਂ, ਅਸੀਂ ਕਿਸੇ ਗਰੀਬ ਮਜ਼ਲੂਮ ਨਾਲ ਧੱਕਾ ਹੋਣ ਨਹੀਂ ਦੇਣਾ, ਅਸੀਂ ਧੌਣ ਉੱਚੀ ਕਰਕੇ ਅਣਖ ਨਾਲ ਤੁਰਨਾ, ਅਸੀਂ ਗੁਰੂ ਗ੍ਰੰਥ ਸਾਹਿਬ ਦਾ ਅਪਮਾਨ ਹਰਗਿਜ਼ ਨਹੀਂ ਸਹਿਣਾ, ਅਸੀਂ ਸਭ ਦੀਆਂ ਧੀਆਂ ਭੈਣਾਂ ਦੇ ਰਾਖੇ ਹਾਂ ਤੇ ਸਾਨੂੰ ਸਿੱਖ ਹੋਣ ਤੇ ਮਾਣ



ਹੈ।

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨੇ ਖ਼ਾਲਸੇ ਨੂੰ ਰਾਜ ਕਰਨ ਲਈ ਸਾਜਿਆ ਹੈ। ਖ਼ਾਲਸਾ ਕਿਸੇ ਹਕੂਮਤ ਦੀ ਗ਼ੁਲਾਮੀ ਨਹੀਂ ਕਬੂਲਦਾ। ਖ਼ਾਲਸਾ ਅਜ਼ਾਦ ਸੋਚ ਦਾ ਧਾਰਨੀ ਹੈ ਤੇ ਅਜ਼ਾਦੀ ਲਈ ਸੰਘਰਸ਼ ਕਰਨਾ ਖ਼ਾਲਸੇ ਦਾ ਮੁੱਖ ਕਰਤੱਵ ਹੈ। ਖ਼ਾਲਸਾ ਸੰਤ ਵੀ ਹੈ ਤੇ ਸਿਪਾਹੀ ਵੀ ਹੈ। ਖ਼ਾਲਸਾ ਹਮੇਸ਼ਾਂ ਗੁਰਬਾਣੀ, ਸਿੱਖ ਇਤਿਹਾਸ ਤੇ ਸਿਧਾਂਤਾਂ ਤੋਂ ਸੇਧ ਲੈਂਦਾ ਹੈ। ਖ਼ਾਲਸੇ ਦੀ ਝੋਲ਼ੀ ਵਿੱਚ ਗੁਰੂ ਨੇ ਰਾਜ ਅਵੱਸ਼ ਪਾਉਣਾ ਹੈ। ਜਬਰ-ਜ਼ੁਲਮ ਦੇ ਖ਼ਿਲਾਫ਼ ਖ਼ਾਲਸੇ ਦਾ ਸੰਘਰਸ਼ ਸਦੀਵੀ ਹੈ। ਖ਼ਾਲਸੇ ਨੇ ਸਮੇਂ-ਸਮੇਂ ਤੇ ਮੁਗਲਾਂ, ਪਠਾਣਾਂ, ਹਿੰਦੂ ਪਹਾੜੀ ਰਾਜਿਆਂ, ਅਫ਼ਗਾਨਾਂ ਤੇ ਫਿਰਕੂ ਹਿੰਦੂਤਵੀਆਂ ਨੂੰ ਨੱਥ ਪਾਈ ਹੈ ਤੇ ਭਵਿੱਖ ਵਿੱਚ ਵੀ ਖਾਲਸਾ ਜੂਝਦਾ ਰਹੇਗਾ। ਅਜ਼ਾਦ ਖ਼ਾਲਸਾ ਰਾਜ ਦੀ ਪ੍ਰਾਪਤੀ ਲਈ ਗੁਰੂ ਕਾ ਖ਼ਾਲਸਾ ਅੱਜ ਵੀ ਯਤਨਸ਼ੀਲ ਤੇ ਸੰਘਰਸ਼ਸ਼ੀਲ ਹੈ। ਕਲਗੀਆਂ ਵਾਲਾ ਪਾਤਸ਼ਾਹ ਸਾਡਾ ਸਹਾਈ ਹੋਵੇਗਾ।


* * * *



– ਡਾਕਟਰ ਸੁਰਜੀਤ ਸਿੰਘ ਜਰਮਨੀ

# ਪਾਣੀਆਂ ਦਾ ਗੰਭੀਰ ਮੁੱਦਾ

ਕੁਦਰਤ ਨੇ ਦੁਨੀਆਂ ਨੂੰ ਤਰ੍ਹਾਂ-ਤਰ੍ਹਾਂ ਦੇ ਖਣਿਜ ਪਦਾਰਥਾਂ ਨਾਲ਼ ਨਿਵਾਜਿਆ ਹੈ। ਇਸ ਵਿੱਚ ਵੀ ਕੋਈ ਸ਼ੱਕ ਨਹੀਂ ਕਿ ਇਹ ਸਾਰੇ ਪਦਾਰਥ ਦੁਨੀਆਂ ਦੇ ਹਰੇਕ ਕੋਨੇ ਵਿੱਚ ਇੱਕੋ ਬਰਾਬਰ ਨਹੀਂ ਦਿੱਤੇ ਗਏ। ਕਿਸੇ ਧਰਤੀ ਨੂੰ ਜ਼ਿਆਦਾ ਤੇ ਕਿਸੇ ਨੂੰ ਘੱਟ ਜਾਂ ਕੁਝ ਥਾਂਵਾਂ ਨੂੰ ਬਿਲਕੁਲ ਹੀ ਇਹਨਾਂ ਤੋਂ ਵਾਂਝਿਆਂ ਰੱਖਿਆ ਗਿਆ ਹੈ।




ਇਹਨਾਂ ਪਦਾਰਥਾਂ ਵਿੱਚੋਂ ਇੱਕ ਖ਼ਾਸ ਪਦਾਰਥ ਪਾਣੀ ਜੋ ਮਨੁੱਖ ਸਮੇਤ ਸਾਰੀਆਂ ਪ੍ਰਜਾਤੀਆਂ ਦੇ ਜਿਊਣ ਲਈ ਸਭ ਤੋਂ ਮੁੱਢਲੀ ਜ਼ਰੂਰਤ ਹੈ। ਇਸ ਦੀ ਮਾਤਰਾ ਧਰਤੀ 'ਤੇ ਧਰਤੀ ਦਾ 75% ਹਿੱਸਾ ਹੈ। ਪਰ ਇਹ ਸਾਰਾ ਪਾਣੀ ਅਸੀਂ ਇਸਤੇਮਾਲ ਨਹੀਂ ਕਰ ਸਕਦੇ। ਸਾਡੇ ਵਰਤਣਯੋਗ ਪਾਣੀ ਸਿਰਫ਼ 3% ਹੈ। ਇਸ 3% ਵਿੱਚੋਂ ਵੀ 2.5% ਗਲੇਸ਼ੀਅਰ, ਵਾਤਾਵਰਣ ਤੇ ਜ਼ਮੀਨ ਦੇ ਅੰਦਰ ਹੈ। ਸਾਡੇ ਕੋਲ਼ ਇਸ ਵੇਲ਼ੇ ਇਹਨਾਂ ਸਾਰਿਆਂ ਦੇ ਬਾਅਦ 0.5% ਪਾਣੀ ਹੀ ਬਚਦਾ ਹੈ। ਤੇ ਇਹ 0.5% ਪਾਣੀ ਵੀ ਦੁਨੀਆਂ ਵਿੱਚ ਬਰਾਬਰ ਵੰਡਿਆ ਹੋਇਆ ਨਹੀਂ ਹੈ। ਕੁਝ ਮੁਲਕ ਤਾਂ ਅਜਿਹੇ ਹਨ, ਜਿਨ੍ਹਾਂ ਦੇ ਦੂਰ-ਦੂਰ ਤਕ ਵੀ ਇਸ ਬੇਸ਼ਕੀਮਤੀ ਪਾਣੀ ਦੀ ਇੱਕ ਬੂੰਦ ਵੀ ਨਹੀਂ। ਕਈ ਮੁਲਕਾਂ ਨੇ ਇਸ ਮਸਲੇ ਨੂੰ ਹੱਲ ਕਰਨ ਲਈ ਸਮੁੰਦਰੀ ਪਾਣੀ ਵਿੱਚੋਂ ਨਮਕ ਕੱਢ ਕੇ ਉਸ ਨੂੰ ਪੀਣ-ਯੋਗ ਬਣਾਇਆ ਪਰ ਉਸ ਪ੍ਰੋਸੈੱਸ ਲਈ ਖ਼ਰਚਾ ਬਹੁਤ ਆ ਜਾਂਦਾ ਹੈ ਤੇ ਆਮ ਆਦਮੀ ਦੀ ਪਹੁੰਚ ਤੋਂ ਇਹ ਪਾਣੀ ਫਿਰ ਦੂਰ ਹੋ ਜਾਂਦਾ ਹੈ। ਅਰਬ ਵਿੱਚ ਦੁਬਈ ਵਰਗੇ ਮੁਲਕਾਂ ਵਿੱਚ Claud Seeding (Artificial Rain) ਕਰਵਾ ਕੇ ਪਾਣੀ ਜਮਾ ਕੀਤਾ ਜਾਂਦਾ ਹੈ। ਸਾਊਥ ਅਫ਼ਰੀਕਾ ਦੇ ਹਾਲਾਤ ਤਾਂ ਏਨੇ ਬਦਤਰ ਹੋ ਗਏ ਸੀ ਕਿ ਉਹਨਾਂ ਨੇ ਇੱਕ ਵਾਰ ਆਲ ਦ ਵੇਅ ਅਨਟਾਰਟਿਕਾ ਤੋਂ ਇੱਕ ਆਈਸਬਰਗ ਨੂੰ ਸਮੁੰਦਰੀ ਜਹਾਜ਼ਾਂ ਦੇ ਪਿੱਛੇ ਪਾ ਕੇ ਖਿੱਚ ਕੇ cape town ਤਕ ਲੈ ਕੇ ਆਉਣ ਦਾ ਪ੍ਰੋਗਰਾਮ ਵੀ ਬਣਾ ਲਿਆ ਸੀ।

ਲੀਬੀਆ ਮੁਲਕ ਵਿੱਚ ਪਾਣੀ ਨੂੰ ਲੋਕ ਏਨਾ ਤਰਸਦੇ ਹਨ ਕਿ ਓਥੇ ਕਈ ਵਾਰ ਕਈ ਹਿੱਸਿਆਂ ਵਿੱਚ 10-10 ਸਾਲ ਮੀਂਹ ਤਕ ਵੀ ਨਹੀਂ ਪੈਂਦਾ। ਲੀਬੀਆ ਦਾ 99% ਹਿੱਸਾ ਰੇਗਿਸਤਾਨ ਵਿੱਚ ਬਦਲ ਗਿਆ ਹੈ। ਇੱਥੇ ਗਰਮੀ ਏਨੀ ਜ਼ਿਆਦਾ ਪੈਂਦੀ ਹੈ ਕਿ ਖੁੱਲ੍ਹੇ ਵਿੱਚ ਪਿਆ ਪਾਣੀ ਉਸੇ ਪਲ Evaporate (ਭਾਫ਼) ਹੋ ਜਾਂਦਾ ਹੈ। ਕੱਚੇ ਤੇਲ ਦੇ ਮਾਮਲੇ ਵਿੱਚ ਇਸ ਮੁਲਕ ਕੋਲ ਅਮਰੀਕਾ ਨਾਲ਼ੋਂ ਵੀ ਜ਼ਿਆਦਾ ਤੇਲ ਹੈ। ਤੇ ਓਥੇ ਹੀ ਦੱਖਣੀ ਅਫਰੀਕਾ ਕੋਲ਼ ਸਾਰੀ ਦੁਨੀਆਂ ਨਾਲ਼ੋਂ ਜ਼ਿਆਦਾ ਹੀਰਿਆਂ ਤੇ ਸੋਨੇ ਦੀਆਂ ਖਾਣਾਂ ਹਨ, ਦੇ ਬਾਵਜੂਦ ਵੀ ਇਹ ਮੁਲਕਾਂ ਦੇ ਲੋਕ ਗੁਰਬਤ ਵਿੱਚ ਜ਼ਿੰਦਗੀ ਜਿਉਂ ਰਹੇ ਹਨ। ਲੀਬੀਆ ਕੋਲ਼ ਏਨਾ ਕੱਚੇ ਤੇਲ ਦਾ ਭੰਡਾਰ ਹੈ ਪਰ ਇੱਥੇ ਇੱਕ ਵੀ ਕੁਦਰਤੀ ਨਹਿਰ ਨਹੀਂ ਹੈ। ਕਰੀਬ 50 ਸਾਲ ਪਹਿਲਾਂ ਮੁਆਮਾਰ ਗੱਦਾਫ਼ੀ ਨੇ ਲੀਬੀਆ ਵਿੱਚ ਇੱਕ ਮਓਨ ਮਓਦਏ ਨਦੀ ਬਣਵਾਈ। ਇਹ ਨਦੀ ਧਰਤੀ ਦੇ 20 ਫੁੱਟ ਥੱਲੇ ਪਾਈਪਾਂ ਰਾਹੀਂ ਵਹਾਈ ਗਈ ਕਿਉਂਕਿ ਲੀਬੀਆ ਵਿੱਚ ਏਨੀ ਗਰਮੀ ਪੈਂਦੀ ਹੈ ਕਿ ਪਾਣੀ ਭਾਫ਼ ਬਣ ਕੇ ਉੱਡ ਜਾਂਦਾ ਹੈ। ਜੇ ਇਸ ਨਦੀ ਨੂੰ ਧਰਤੀ ਦੇ ਉੱਪਰ ਵਹਾਇਆ ਜਾਂਦਾ ਤਾਂ ਅੱਧ ਤੋਂ ਜ਼ਿਆਦਾ ਪਾਣੀ ਭਾਫ਼ ਬਣ ਕੇ ਉੱਡ ਜਾਣਾ ਸੀ। 1950 ਵਿੱਚ ਜਦੋਂ ਲੀਬੀਆ ਵਿੱਚ ਕੱਚੇ ਤੇਲ ਦੀ ਖੋਜ ਹੋਈ ਤਾਂ ਓਸ ਵੇਲ਼ੇ ਹੀ ਓਥੇ ਸਹਾਰਾ ਰੇਗਿਸਤਾਨ ਵਿੱਚ ਧਰਤੀ ਦੇ ਥੱਲੇ ਡੇਢ ਲੱਖ ਕਿਊਬਿਕ ਕਿੱਲੋਮੀਟਰ ਤਾਜ਼ਾ ਪਾਣੀ ਲੱਭਾ। ਇਹ ਇੱਕ ਤਰ੍ਹਾਂ ਦਾ ਫੋਸਸਲਿ ਾਟਟਰ ਹੈ। ਜਿਸ ਨੂੰ Nubian Sandstone Aquifer System ਕਿਹਾ ਜਾਂਦਾ ਹੈ। ਇਹ ਪਾਣੀ ਦੀ ਮਾਤਰਾ ਏਨੀ ਜ਼ਿਆਦਾ ਹੈ ਕਿ ਪੂਰੀ ਦੁਨੀਆਂ ਅੱਧੀ ਸਦੀ ਇਹ ਪਾਣੀ ਦਾ ਇਸਤੇਮਾਲ ਕਰ ਸਕਦੀ ਹੈ। ਇਹ ਪਾਣੀ ਲੀਬੀਆ ਦੇ ਦੱਖਣ ਵਿੱਚ ਪਾਇਆ ਗਿਆ ਸੀ ਤੇ ਇੱਥੋਂ ਇਹਨਾਂ ਦੇ ਵੱਡੇ ਸ਼ਹਿਰ ਉੱਤਰ ਵਿੱਚ ਹਨ। ਹੁਣ ਇਹ ਏਨੀ ਦੂਰੀ ਤੈਅ ਕਰਨ ਲਈ 2820 ਕਿੱਲੋਮੀਟਰ ਨਹਿਰ ਖੋਦਣੀ ਪੈਣੀ ਸੀ ਤੇ ਖੋਦਣੀ ਵੀ ਧਰਤੀ ਦੇ ਹੇਠਾਂ ਸੀ ਤੇ 20 ਫੁੱਟ ਜ਼ਮੀਨ ਦੇ ਥੱਲੇ ਵੱਡੇ ਵੱਡੇ 13 ਫੁੱਟ ਮੋਟੇ 80-80 ਟਨ ਵਜ਼ਨੀ 5 ਲੱਖ ਪਾਇਪ ਬਣਾ ਕੇ ਧਰਤੀ ਹੇਠਾਂ ਦੱਬ ਕੇ ਪਾਣੀ ਨੂੰ ਇਹਨਾਂ ਵਿੱਚ ਵਹਾਇਆ ਗਿਆ। ਜਿਨ੍ਹਾਂ 'ਤੇ ਕਰੀਬ 5 ਅਰਬ ਡਾਲਰ ਦਾ ਖ਼ਰਚਾ ਆਇਆ। ਫਿਰ 1989 ਵਿੱਚ ਦੱਖਣ ਤੋਂ ਲੀਬੀਆ ਦੇ ਉੱਤਰ ਵਿੱਚ ਸ਼ਹਿਰ Tripoli ਤਕ ਪਾਈਪ ਜ਼ਮੀਨ ਵਿੱਚ ਦੱਬ ਕੇ ਨਹਿਰ ਬਣਾਈ ਗਈ। ਇਸੇ ਤਰ੍ਹਾਂ ਇੱਕ ਨਹਿਰ Benghazi ਤਕ ਕੱਢੀ ਗਈ। 'ਗਿਨੀਜ਼ ਬੁੱਕ ਆਫ਼ ਵਰਲਡ' ਰਿਕਾਰਡ ਦੇ ਅਨੁਸਾਰ ਇਸ ਪ੍ਰਜੈਕਟ 'ਤੇ 25 ਬਿਲੀਅਨ ਡਾਲਰ ਲੱਗੇ ਸਨ। ਇਸ ਦੇ ਬਦਲਾਵ ਵੱਜੋਂ ਜੇ ਲੀਬੀਆ ਸਮੁੰਦਰ ਦੇ ਪਾਣੀ ਨੂੰ ਸਾਫ਼ ਕਰ ਕੇ ਵਰਤਦਾ ਤਾਂ ਉਸ ਵਿੱਚ ਦਸ ਗੁਣਾ ਜ਼ਿਆਦਾ ਖ਼ਰਚਾ ਆਉਣਾ ਸੀ। ਪੀਣ ਵਾਲ਼ੇ ਪਾਣੀ ਲਈ ਕੁਝ ਮੁਲਕ ਕਿੰਨਾ ਪੈਸਾ ਤੇ ਮਿਹਨਤ ਲਾ ਰਹੇ ਹਨ ਤੇ ਪੰਜਾਬ ਵਾਸੀਆਂ ਨੂੰ ਕੁਦਰਤ ਦਾ ਅਨਮੋਲ ਤੋਹਫ਼ਾ ਭੰਗ ਦੇ ਭਾਅ ਮਿਲਿਆ ਹੈ। ਸ਼ਾਇਦ ਤਾਂ ਹੀ ਇਹ ਲੋਕ ਕਦਰ ਨਹੀਂ ਕਰਦੇ।



'ਗ਼ੱਦਾਫ਼ੀ' ਵੱਲੋਂ ਜ਼ਮੀਨ ਅੰਦਰ ਪਾਈਪਾਂ ਰਾਹੀਂ ਬਣਾਈ ਗਈ ਨਦੀ

ਪਾਣੀ, ਜੋ ਕਿ ਪੰਜਾਬੀਆਂ ਦਾ ਹੱਕ ਹੈ ਤੇ ਭਾਰਤ ਸਰਕਾਰ ਨੇ International Water Riparian Law ਨੂੰ ਵੀ ਛਿੱਕੇ ਟੰਗ ਕੇ ਪੰਜਾਬ ਦੇ ਪਾਣੀਆਂ 'ਤੇ ਡਾਕਾ ਮਾਰਿਆ।

Riparian water rights ਦੇ General principle ਵਿੱਚ ਵੀ ਲਿਖਿਆ ਹੈ ਕਿ under the riparian principle, all landowners whose properties adjoin a body of water have the right to make reasonable use of it as it flows through or over their properties. If there is not enough water to satisfy all users, allotments are generally fixed in for portion to frontage on the water source. These rights cannot be sold or transferred other than with the adjoining land and only in reasonable quantities associated with that land. The water cannot be transferred out of the watershed without due consideration as to the rights of the downstream riparian landowners.

ਅਜੇ ਤਕ ਵੀ ਲਗਾਤਾਰ ਪੰਜਾਬ ਦਾ ਪਾਣੀ

ਲੁੱਟਿਆ ਹੀ ਨਹੀਂ ਜਾ ਰਿਹਾ, ਸਗੋਂ ਉਸ ਪਾਣੀ ਨੂੰ ਦੂਜਿਆ ਰਾਜਾਂ ਤਕ ਪਹੁੰਚਾਉਣ ਲਈ ਮਸ਼ੀਨਰੀ ਤੇ ਪੈਸਾ ਵੀ ਪੰਜਾਬ ਦਾ ਹੀ ਵਰਤਿਆ ਜਾ ਰਿਹਾ ਹੈ। ਅੱਜ ਦੁਨੀਆ ਵਿੱਚ ਸਭ ਤੋਂ ਵੱਧ ਕੀਮਤੀ ਚੀਜ਼ ਪਾਣੀ ਹੈ। ਯੂ.ਐੱਨ.ਓ. (ਯੂਨਾਈਟਿਡ ਨੇਸ਼ਨ ਆਰਗੇਨਾਈਜੇਸ਼ਨ) ਦੀ ਰਿਪੋਰਟ ਹੈ ਕਿ ਆਉਣ ਵਾਲ਼ੇ ਸਮੇਂ ਵਿੱਚ ਬਹੁਤੀਆਂ ਲੜਾਈਆਂ ਪਾਣੀ ਨੂੰ ਲੈ ਕੇ ਹੋਣਗੀਆਂ, ਨਾ ਕਿ ਹੁਣ ਦੀ ਤਰ੍ਹਾਂ ਤੇਲ ਨੂੰ ਲੈ ਕੇ।

ਪੰਜਾਬ ਕੋਲ਼ ਇੱਕੋ-ਇੱਕ ਕੁਦਰਤੀ ਸਰੋਤ ਪਾਣੀ ਸੀ, ਉਹ ਵੀ ਅੱਜ ਖੋਹ ਲਿਆ। ਜਿਸ ਹਿਸਾਬ ਨਾਲ਼ ਪੰਜਾਬ ਦਾ ਪਾਣੀ ਦੂਸਰੇ ਸੂਬਿਆਂ ਨੂੰ ਜਾ ਰਿਹਾ, ਪੰਜਾਬ ਬਹੁਤ ਛੇਤੀ ਮਾਰੂਥਲ ਵਿੱਚ ਬਦਲ ਜਾਏਗਾ।

ਮੇਰੇ ਖ਼ੁਦ ਦੇ ਵੇਖਣ ਦੀ ਗੱਲ ਹੈ ਜਦੋਂ ਅਸੀਂ ਛੋਟੇ ਹੁੰਦੇ ਸੀ। ਸਾਡੇ ਘਰ ਨਲਕਾ ਕੁਝ 15-20 ਫੁੱਟ ’ਤੇ ਲੱਗਿਆ ਹੁੰਦਾ ਸੀ। ਤੇ ਅੱਜ ਦੇ ਸਬਮਰਸੀਬਲ ਮੋਟਰ ਵਾਂਗ ਪਾਣੀ ਦਿੰਦਾ ਸੀ। ਫਿਰ ਜਿਉਂ 2004 ਕੁ ਦੇ ਨੇੜੇ ਦਾ ਸਮਾਂ ਆਇਆ, ਉਹ ਨਲਕਾ ਸੁੱਕਣਾ ਸ਼ੁਰੂ ਹੋ ਗਿਆ। ਅਸੀਂ ਬਟਾਲੇ ਸ਼ਹਿਰ ਤੋਂ ਜਾ ਕੇ 20 ਫੁੱਟ ਵਾਲ਼ੀ ਨਲਕੇ ਦੀ ਮਸ਼ੀਨ ਲੈ ਕੇ ਆਏ। ਪਹਿਲੀ ਮਸ਼ੀਨ ਜ਼ਮੀਨ ਤੋਂ ਉੱਪਰ ਹੀ ਲੱਗੀ ਹੁੰਦੀ ਸੀ ਤੇ 20 ਕੁ ਫੁੱਟ ਪਾਈਪ ਜ਼ਮੀਨ ਦੇ ਅੰਦਰ ਹੁੰਦਾ ਸੀ। ਹੁਣ 20 ਫੁੱਟ ਦੀ ਨਲਕੇ ਦੀ ਮਸ਼ੀਨ ਜ਼ਮੀਨ ਵਿੱਚ ਭੇਜੀ ਗਈ ਤੇ ਉਸ ਤੋਂ ਬਾਅਦ ਹੋਰ 20 ਫੁੱਟ ਪਾਈਪ ਨਾਲ਼ ਪਾਇਆ ਗਿਆ। ਕਹਿਣ ਤੋਂ ਭਾਵ ਪਾਣੀ ਦੁੱਗਣਾ ਥੱਲੇ ਚਲਾ ਗਿਆ। ਓਸ ਵੇਲ਼ੇ ਮੈਨੂੰ ਕਾਫ਼ੀ ਸੁਰਤ ਸੀ ਕਿ ਘਰ ਦੇ ਵਿੱਚ ਚੱਲ ਰਹੀਆਂ ਗੱਲਾਂ ਸਮਝ ਆਉਂਦੀਆਂ ਸਨ। ਪਿਤਾ ਜੀ ਹੋਰੀ ਦਾਦੇ ਨਾਲ਼ ਸਲਾਹਾਂ ਕਰਦੇ ਸਨ ਕਿ ‘ਖੇਤਾਂ ਵਾਲ਼ੀ ਮੋਟਰ ਵੀ ਹੁਣ ਖੂਹੀ ਵਿੱਚ ਲਾ ਲੈਣੀ ਚਾਹੀਦੀ ਹੈ, ਉਹ ਵੀ ਪਾਣੀ ਛੱਡਣ ਲੱਗ ਗਈ ਹੈ।’ ਚਲੋ ਕਰ-ਕਰਾ ਕੇ ਓਥੇ ਵੱਡੀ 5 ਹਾਰਸ ਪਾਵਰ ਦੀ ਮੋਟਰ ਲਿਆਂਦੀ ਗਈ ਤੇ ਖੂਹੀ ਪੁੱਟ ਕੇ ਉਸ ਵਿੱਚ ਲਾ ਦਿੱਤੀ। ਸਾਡੀ ਜ਼ਮੀਨ ਨੂੰ ਨਹਿਰੀ ਪਾਣੀ ਬਹੁਤ ਦੂਰੋਂ ਆਉਂਦਾ ਸੀ ਤੇ ਰਸਤੇ ਵਿੱਚ ਆਉਂਦੇ ਕਈ ਪਿੰਡਾਂ ਨੇ ਨਹਿਰੀ ਪਾਣੀ ਲੈ ਕੇ ਆਉਣ ਵਾਲ਼ੇ ਖਾਲ਼ ਵਾਹ ਲਏ ਤੇ ਉਹ ਪਾਣੀ ਆਉਣਾ ਬੰਦ ਹੋ ਗਿਆ। ਕਈ ਲੋਕ ਇਸ ਗੱਲ ਲਈ ਸਾਡੇ ਲੋਕਾਂ ਨੂੰ ਹੀ ਜ਼ਿੰਮੇਵਾਰ ਠਹਿਰਾਉਣ ਲੱਗ ਜਾਂਦੇ ਕਿ ਸਰਕਾਰ ਨੇ ਆ ਕੇ ਥੋੜਾ ਤੁਹਾਡੇ ਖਾਲ਼ ਵਾਹੇ, ਪੰਜਾਬ ਵਿੱਚ ਨਹਿਰਾਂ ਦਾ ਪਾਣੀ ਲੋਕ ਲਾਉਣੋਂ ਹੱਟ ਗਏ ਤੇ ਨਹਿਰਾਂ ਪੰਜਾਬ ਵਿੱਚ ਅਜਾਈਂ ਹੀ ਵਹਿੰਦੀਆਂ ਰਹਿੰਦੀਆਂ ਤੇ ਅਗਲਿਆਂ ਨੇ ਪਾਣੀ ਦੂਜੇ ਸੂਬਿਆਂ ਨੂੰ ਦੇ ਦਿੱਤਾ।

ਇਸ ਵਿੱਚ ਕੋਈ ਦੋ ਰਾਵਾਂ ਨਹੀਂ ਕਿ ਸਾਡੇ ਲੋਕਾਂ ਨੇ ਵੀ ਬਹੁਤ ਗ਼ਲਤੀਆਂ ਕੀਤੀਆਂ ਪਰ ਅਸਲ ਸ਼ੁਰੂਆਤ ਇਸ ਦੀ ਬਾਦਲ ਸਰਕਾਰ ਵੇਲ਼ੇ ਹੋਈ। ਜਦੋਂ ਲੋਕਾਂ ਨੂੰ ਧੜਾਧੜ ਬਿਜਲੀ ਦੀਆਂ ਮੋਟਰਾਂ ਦੇ ਕਨੈਕਸ਼ਨ ਵੰਡੇ ਗਏ ਤਾਂ ਕਿਸਾਨ ਵਿਚਾਰਾ ਪਹਿਲਾਂ ਹੀ ਬਹੁਤ ਹੱਡ-ਤੋੜਵੀਂ ਮਿਹਨਤ ਕਰਦਾ ਸੀ। ਆਪਣੇ ਪਰਿਵਾਰ ਕੋਲ਼ ਬੈਠਣ ਲਈ ਉਸ ਕੋਲ਼ ਸਮਾਂ ਤਕ ਨਹੀਂ ਹੁੰਦਾ ਸੀ। ਜਦੋਂ ਉਸ ਨੂੰ



‘ਇੰਦਰਾ ਗਾਂਧੀ ਕਨਾਲ’ ਰਾਹੀਂ ਪੰਜਾਬ ਦਾ ਬੇਸ਼ਕੀਮਤੀ ਪਾਣੀ ਰਾਜਸਥਾਨ ਨੂੰ ਮੁਫ਼ਤ ਭੇਜਿਆ ਜਾ ਰਿਹਾ ਹੈ।

ਕਿਸੇ ਪਾਸਿਓਂ ਥੋੜੀ ਰਿਆਇਤ ਮਿਲ਼ੀ, ਉਸ ਨੇ ਆਪਣੇ ਜੀਵਨ ਨੂੰ ਸੁਖਾਲਾ ਬਣਾਉਣ ਲਈ ਨਹਿਰੀ ਪਾਣੀ ਹੌਲ਼ੀ-ਹੌਲ਼ੀ ਛੱਡ ਦਿੱਤਾ ਤੇ ਪੂਰੇ ਦਾ ਪੂਰਾ ਹੀ ਜ਼ਮੀਨ ਹੇਠਲੇ ਪਾਣੀ ’ਤੇ ਨਿਰਭਰ ਹੋ ਗਿਆ।

ਹੁਣ ਇੱਥੇ ਕੁਝ ਨੁਕਤੇ ਸਮਝਣ ਦੀ ਲੋੜ ਹੈ। ਕਿਸਾਨੀ ਤਬਕਾ, ਬਹੁਤਾਤ ਵਿੱਚ ਪਹਿਲੇ ਦੌਰ ’ਚ ਅਕੈਡਮਿਕ ਸਿੱਖਿਆ ਸਿਰਫ਼ ਨਾ ਮਾਤਰ ਜਾਂ ਨੌਕਰੀ ਲੈਣ ਜਿੰਨੀ ਹੀ ਹਾਸਿਲ ਕਰਦਾ ਸੀ ਅਤੇ ਨੌਕਰੀ ਲੈਣ ਵਾਲ਼ੀ ਪੜ੍ਹਾਈ ਵਿੱਚ ਕਦੇ ਵੀ ਇਹੋ ਜਿਹੇ ਮੁੱਦਿਆਂ ਬਾਰੇ ਵਿਸਥਾਰ ਨਾਲ਼ ਜਾਣੂ ਨਹੀਂ ਕਰਵਾਇਆ ਜਾਂਦਾ। ਪੁਰਾਣੇ ਕਿਸਾਨਾਂ ਦਾ ਵਿਚਾਰ ਵੇਖੀਏ ਤਾਂ ਉਹਨਾਂ ਦਾ ਮੰਨਣਾ ਸੀ ਕਿ ਧਰਤੀ ਹੇਠਾਂ ਪਾਣੀ ਕਦੇ ਖ਼ਤਮ ਨਹੀਂ ਹੋ ਸਕਦਾ। ਕਿਉਂਕਿ ਸ਼ਾਇਦ ਉਹਨਾਂ ਨੇ ਅਜਿਹੇ ਵਿਚਾਰ ਬਚਪਨ ਤੋਂ ਸੁਣੇ ਸਨ। ਬੇਸ਼ੱਕ ਪਾਣੀਆਂ ਨੂੰ ਲੈ ਕੇ ਓਸ ਵੇਲ਼ੇ ਬਹੁਤ ਵੱਡੇ ਮੋਰਚੇ ਲੱਗੇ ਤੇ ਇੱਕ ਵਰਗ ਇਸ ਬਾਰੇ ਬਹੁਤ ਚੇਤੰਨ ਸੀ। ਉਸ ਸਮੇਂ ਦੋ ਹੀ ਧਿਰਾਂ ਸਨ, ਇੱਕ ਬਹੁਤ ਚੇਤੰਨ ਤੇ ਦੂਸਰੀ ਜਿਸ ਨੂੰ ਸਿਰਫ਼ ਦੋ ਵਕਤ ਦੀ ਰੋਟੀ ਤੋਂ ਬਿਨਾਂ ਕਿਸੇ ਵਿਸ਼ੇ-ਵਸਤੂ ਬਾਰੇ ਜਾਣਕਾਰੀ ਨਹੀਂ ਸੀ। ਜਿਹੜਾ ਵਰਗ ਬਹੁਤ ਚੇਤੰਨ ਸੀ ਸ. ਬਲਵਿੰਦਰ ਸਿੰਘ ਜਟਾਣੇ ਵਰਗਾ, ਉਹਨਾਂ ਕੋਲ਼ ਸਾਧਨ ਇੰਨੇ ਨਹੀਂ ਸਨ ਕਿ ਉਹ ਸਾਰਿਆਂ ਨੂੰ ਜਾਗਰੂਕ ਕਰ ਸਕਣ।

ਦੂਜੇ ਪਾਸੇ ਸਰਕਾਰ ਨੇ ਪੰਜਾਬ ਨੂੰ ਗ਼ੁਲਾਮ ਬਣਾਉਣ ਦਾ ਰਾਹ ਹੌਲ਼ੀ-ਹੌਲ਼ੀ ਪੱਧਰਾ ਕਰਨਾ ਸ਼ੁਰੂ ਕਰ ਦਿੱਤਾ। ‘ਵਿਕਾਸ’ ਦੇ ਨਾਂ ’ਤੇ ਫ਼ੈਕਟਰੀਆਂ ਲੱਗੀਆਂ ਸਨ, ਲੱਗਣੀਆਂ ਵੀ ਜ਼ਰੂਰੀ ਸਨ ਪਰ ਉਹਨਾਂ ਨੂੰ ਹਰ ਕੰਮ ਵਿੱਚ ਛੋਟ ਦੇ ਕੇ ਇੱਥੋਂ ਤਕ ਉਹਨਾਂ ਨੇ ਆਪਣਾ ਫ਼ੈਕਟਰੀਆਂ ਦਾ ਗੰਦਾ ਪਾਣੀ ਬੋਰਾਂ ਰਾਹੀਂ ਧਰਤੀ ਹੇਠ ਵੀ ਪਾਇਆ ਤਾਂ ਵੀ ਕੋਈ ਕਾਰਵਾਈ ਨਹੀਂ ਹੋਈ ਉਹਨਾਂ ’ਤੇ।

ਸਾਡੇ ਪਿੰਡ ਤੋਂ ਜਦੋਂ ਸ੍ਰੀ ਅੰਮ੍ਰਿਤਸਰ ਸਾਹਿਬ ਵਾਇਆ ਮਜੀਠਾ ਜਾਂਦੇ ਹਾਂ ਤਾਂ ਰਸਤੇ ਵਿੱਚ ਪੰਡੋਰੀ ਵੜੈਚ ਪਿੰਡ ਕੋਲ਼ੋਂ ਸੜਕ ਦੇ ਨਾਲ਼-ਨਾਲ਼ ਇੱਕ ਗੰਦਾ ਨਾਲ਼ਾ ਜਾਂਦਾ ਹੈ ਜੋ ਕਿ ਅੱਗੇ ਜਾ ਕੇ ਸ਼ਾਇਦ ਬਾਈਪਾਸ ਸ੍ਰੀ ਅੰਮ੍ਰਿਤਸਰ ਦੇ ਕੋਲ਼ ਇੱਕ ਵੱਡੀ ਡਰੇਨ ਵਿੱਚ ਡਿੱਗਦਾ ਹੈ। ਜਦੋਂ ਮੈਂ ਸ੍ਰੀ ਅੰਮ੍ਰਿਤਸਰ ਸਾਹਿਬ ਪੜ੍ਹਦਾ ਸੀ ਤਾਂ ਰੋਜ਼ਾਨਾ ਜਾਂਦਿਆਂ ਵੇਖਣਾ ਕਿ ਕਿਸ ਤਰ੍ਹਾਂ ਕਿਸੇ ਦਿਨ ਓਸ ਨਾਲ਼ੇ ਦਾ ਪਾਣੀ ਰੋਜ਼ਾਨਾ ਵੱਖ-ਵੱਖ ਰੰਗਾਂ ਦਾ ਹੁੰਦਾ ਸੀ, ਜੋ ਬਹੁਤ ਅਜੀਬ ਜਿਹੀ ਬਦਬੂ ਮਾਰਦਾ ਸੀ। ਇਹ ਸਾਰਾ ਪਾਣੀ ਫ਼ੈਕਟੀਆਂ ਦਾ ਸੀ ਤੇ ਇਸ ਵਿੱਚ ਕਈ ਜ਼ਹਿਰੀਲੇ ਕੈਮੀਕਲ ਆਮ ਹੀ ਰੋਹੜ ਦਿੱਤੇ ਜਾਂਦੇ ਹੋਣਗੇ ਜੋ ਮਨੁੱਖੀ ਸੱਭਿਅਤਾ ਲਈ ਬੇਹੱਦ ਨੁਕਸਾਨਦੇਹ ਹਨ ਪਰ ਓਸ ਵੇਲ਼ੇ ਉਹਨਾਂ ਫ਼ੈਕਟਰੀ ਮਾਲਕਾਂ ਦਾ ਦਬਦਬਾ ਸੀ ਤੇ ਆਮ ਲੋਕ ਸਿਰਫ਼ ਇਸ ਗੱਲ ’ਤੇ ਹੀ ਖ਼ੁਸ਼ ਸਨ ਕਿ ਫ਼ੈਕਟਰੀਆਂ ਲੱਗਣ ਨਾਲ਼ ਸਾਡੀਆਂ ਜ਼ਮੀਨਾਂ ਦੇ ਰੇਟ ਵਧ ਗਏ ਤੇ ਮਜਦੂਰ ਵਰਗ ਖ਼ੁਸ਼ ਸੀ ਕਿ ਸਾਨੂੰ ਨੌਕਰੀਆਂ ਮਿਲ਼ ਗਈਆਂ ਤਾਂ ਹੀ ਕਿਸੇ ਨੇ ਵੀ ਉਸ ਗੰਦਗੀ ਦਾ ਨੋਟਿਸ ਨਹੀਂ ਲਿਆ ਤੇ ਇਹ ਨਹੀਂ ਸੋਚਿਆ ਕਿ ਅੱਜ ਇਸ ਫ਼ੈਕਟਰੀ ਵਿੱਚ ਕਮਾਈਆਂ ਕਰ ਜਿਹੜਾ ਆਪਣੇ ਬੱਚਿਆਂ ਦਾ ਪੇਟ ਪਾਲ ਰਹੇ ਹਾਂ ਆਉਣ ਵਾਲ਼ੇ ਸਮੇਂ ਵਿੱਚ ਇਹਨਾਂ ਹੀ ਫ਼ੈਕਟਰੀਆਂ ਦੇ ਕਰਕੇ ਇਹ ਥਾਂ ਉਹਨਾਂ ਦੇ ਰਹਿਣਯੋਗ ਨਹੀਂ ਬਚਣੀ।

ਪੰਜਾਬ ਦੇ ਲੋਕਾਂ ਨੂੰ ਰਾਜਨੀਤਿਕਾਂ ਨੇ ਦੋ ਭਾਗਾਂ ਵਿੱਚ ਵੰਡ ਲਿਆ। ਜਿਹੜਾ ਵਰਗ ਕਿਸੇ ਵੀ ਮੁੱਦੇ ’ਤੇ ਗੱਲ ਕਰਦਾ- ਵਾਤਾਵਰਨ, ਬੇਰੋਜ਼ਗਾਰੀ, ਚੰਗੀਆਂ ਸਿਹਤ-ਸਹੂਲਤਾਂ ਆਦਿ ਉਹਨਾਂ ਬਾਰੇ ਪ੍ਰਚਾਰ ਵੱਖਵਾਦੀ, ਦੇਸ਼-ਧ੍ਰੋਹੀ ਬਣਾ ਕੇ ਕੀਤਾ ਜਾਂਦਾ। ਆਮ ਲੋਕ ਇਹ ਨਹੀਂ ਵੇਖਦੇ ਕਿ ਇਹ ਸਾਡੇ ਭਲ਼ੇ ਦੀ ਗੱਲ ਕਰਦਾ ਤੇ ਸਰਕਾਰ ਇਸ ਖ਼ਿਲਾਫ਼ ਪ੍ਰਾਪੇਗੰਡਾ ਕਰ ਰਹੀ ਹੈ। ਉਹ ਬਿਨਾਂ ਤੱਥ ਵਾਚੇ ਸਰਕਾਰੀ ਪੱਖ ਵਾਲ਼ੇ ਪਾਸੇ ਖਲੋ ਜਾਂਦੇ। ਜਿਸ ਦੀ ਵਜ੍ਹਾ ਨਾਲ਼ ਅੱਜ ਪੰਜਾਬ ਦਾ ਇਹ ਹਾਲ ਹੋ ਗਿਆ।

ਸੰਨ 2004 ਦੇ ਆਸ-ਪਾਸ ਅਸੀਂ 40 ਫੁੱਟ ਬੋਰ ਕਰਵਾ ਲਿਆ। ਸਾਡੇ ਘਰ ਵੱਡੀ ਮਸ਼ੀਨ ਵਾਲ਼ਾ ਨਲਕਾ ਲੱਗ ਗਿਆ। ਪਰ ਉਹ ਵੀ ਕੁਝ ਕੁ ਵਰ੍ਹੇ ਹੀ ਚੱਲਿਆ ਤੇ 2006 ਵਿੱਚ ਉਹ ਵੀ ਸੁੱਕਣਾ ਸ਼ੁਰੂ ਹੋ ਗਿਆ ਤੇ ਉਸ ਨਲਕੇ ਦੇ ਨਾਲ਼ ਸਾਡੇ ਘਰ ਆਮ ਜਿਹੀ ਛੋਟੀ ਬਿਜਲੀ ਵਾਲ਼ੀ ਮੋਟਰ ਵੀ ਲੱਗੀ ਸੀ। ਜੋ ਕਿ ਪਾਣੀ ਵਾਲ਼ੀ ਟੈਂਕੀ ਨੂੰ ਭਰਦੀ ਸੀ। ਉਹ ਵੀ ਕਦੇ-ਕਦੇ ਪਾਣੀ ਛੱਡਣ ਲੱਗ ਗਈ। ਅਖ਼ੀਰ ਘਰ ਵਿੱਚ ਸਲਾਹ ਹੋਈ ਕਿ ਵੱਡਾ ਬੋਰ ਕਰਵਾ ਕੇ ਮੱਛੀ-ਮੋਟਰ (ਸਬਮਰਸੀਬਲ ਪੰਪ) ਪਵਾ ਲਈ ਜਾਵੇ, ਜੋ ਪਾਣੀ ਦੇ ਅੰਦਰ ਹੀ ਪੈਂਦੀ ਸੀ। ਪਰ ਉਹ ਪ੍ਰਾਜੈਕਟ ਨਵਾਂ ਹੋਣ ਕਰਕੇ ਓਸ ਵੇਲ਼ੇ ਥੋੜਾ ਮਹਿੰਗਾ ਸੀ। ਪਿਤਾ ਜੀ ਆਰਮੀ ਵਿੱਚੋਂ ਰਿਟਾਇਰ ਹੋਏ ਸਨ। ਪੈਸਿਆਂ ਦਾ ਕੋਈ ਬਹੁਤਾ ਮਸਲਾ ਨਾ ਲੱਗਾ ਤੇ 2-4 ਦਿਨਾਂ ਵਿੱਚ ਹੀ ਕੰਮ ਸ਼ੁਰੂ ਹੋ ਗਿਆ। ਤੇ ਕੁਝ ਦਿਨਾਂ ਵਿੱਚ ਸਾਡੇ ਘਰ ਸਬਮਰਸੀਬਲ ਬੋਰ ਹੋ ਗਿਆ ਤੇ ਮੋਟਰ ਤਾਂ ਇਸ ਤਰ੍ਹਾਂ ਪਾਣੀ ਕੱਢੇ ਜਿਵੇਂ ਸਾਰਾ ਘਰ ਹੀ ਰੋਹੜ ਦੇਣਾ। ਸਾਰੇ ਬਹੁਤ ਖ਼ੁਸ਼ ਪਰ ਸੋਚਿਆ ਕਿਸੇ ਨੇ ਨਾ ਕਿ 6 ਕੁ ਸਾਲਾਂ ਦੇ ਵਕਫ਼ੇ ਵਿੱਚ ਹੀ ਅਸੀਂ 20 ਫੁੱਟ ਤੋਂ 120 ਫੁੱਟ ’ਤੇ ਆ ਗਏ ਹਾਂ; ਜੇ ਇਸੇ ਤਰ੍ਹਾਂ ਚੱਲਿਆ ਤਾਂ ਆਉਣ ਵਾਲ਼ੀ ਪੀੜ੍ਹੀ ਕਿੱਥੋਂ ਪਾਣੀ ਲੈ ਕੇ ਆਊ।

ਬਸ ਫਿਰ ਕੀ ਸੀ ਵੇਖਦੇ-ਵੇਖਦੇ 1-2 ਸਾਲਾਂ ਵਿੱਚ ਸਾਡੇ ਆਲ਼ੇ-ਦੁਆਲ਼ੇ ਹਰੇਕ ਘਰ ਵਿੱਚ ਮੱਛੀ-ਮੋਟਰ ਲੱਗ ਗਈ। ਹੁਣ ਇੱਕ ਦੂਜੇ ਤੋਂ ਵੱਧ ਕੇ ਰੋਜ਼ਾਨਾ ਪਾਣੀ ਚਲਾ ਕੇ ਵਿਹੜੇ ਧੋਤੇ ਜਾਣ ਲੱਗੇ। ਜਿਹੜੇ ਡੰਗਰ

(ਮੱਝਾਂ-ਗਾਵਾਂ ਆਦਿਕ) ਨਹਿਰਾਂ, ਛੱਪੜਾਂ, ਟੋਭਿਆਂ ਵਿੱਚ ਨੁਹਾਏ ਜਾਂਦੇ ਸਨ, ਉਹ ਘਰਾਂ ਵਿੱਚ ਮੋਟਰਾ ਚਲਾ ਕੇ ਕਈ-ਕਈ ਘੰਟੇ ਜ਼ਮੀਨ ਹੇਠਲਾ ਪਾਣੀ ਕੱਢ ਕੇ ਨੁਹਾਏ ਜਾਣ ਲੱਗੇ। ਜਿਸ ਨਾਲ ਸਮੱਸਿਆ ਇਹ ਹੋਈ ਘਰਾਂ ਦੇ ਬਾਹਰ ਗਲ਼ੀਆਂ ਵਿੱਚ ਪਾਣੀ ਖੜਨ ਲੱਗ ਗਿਆ। ਸਰਕਾਰ ਦੇ ਕੰਨਾਂ ਤਕ ਗੱਲਾਂ ਗਈਆਂ ਕਿ ਗਲ਼ੀਆਂ-ਨਾਲ਼ੀਆਂ ਪੱਕੀਆਂ ਕਰਵਾਈਆਂ ਜਾਣ। ਗੱਲ ’ਤੇ ਅਸਰ ਹੋਇਆ ਤੇ ਗਲ਼ੀਆਂ-ਨਾਲ਼ੀਆਂ ਪੱਕੀਆਂ ਹੋ ਗਈਆਂ। ਪਰ ਕਿਸੇ ਵੀ ਪਿੰਡ ਦੇ ਕਿਸੇ ਵੀ ਬੁੱਧੀਜੀਵੀ ਦੇ ਮਨ ਵਿੱਚ ਇਹ ਗੱਲ ਨਹੀਂ ਆਈ ਕਿ ਪਿੰਡਾਂ ਵਿੱਚ ਸੈਮੀਨਾਰ ਲਾ ਕੇ ਇਹ ਜੋ ਪਾਣੀ ਦੀ ਦੁਰਵਰਤੋਂ ਹੈ, ਇਸ ਤੋਂ ਜਾਣੂ ਕਰਵਾਇਆ ਜਾਵੇ ਜਾਂ ਪਿੰਡਾਂ ਦੇ ਬਾਹਰਵਾਰ ਰੀਸਾਈਕਲਿੰਗ ਪਲਾਂਟ ਹੀ ਲਾ ਲਏ ਜਾਣ। ਬਹੁਤੇ ਮੂਰਖਾਂ ਨੂੰ ਸਮਝਾਉਣ ਨਾਲ਼ੋਂ ਚੰਗਾ ਸੀ ਕਿ ਇੱਕ ਬੁੱਧੀਮਤਾ ਵਾਲ਼ਾ ਕੰਮ ਕੀਤਾ ਜਾਂਦਾ। ਮੂਰਖ ਇਧਰੋਂ ਪਾਣੀ ਕੱਢ-ਕੱਢ ਡੋਲ੍ਹੀ ਜਾਂਦੇ ਤੇ ਦੂਸਰੇ ਪਾਸਿਓਂ ਬੁੱਧੀਜੀਵੀ ਓਸ ਪਾਣੀ ਨੂੰ ਸਾਂਭ ਕੇ ਸਿੰਚਾਈ ਜਾਂ ਹੋਰ ਕਿਸੇ ਕੰਮ ਲਈ ਵਰਤ ਲੈਂਦੇ ਤਾਂ ਹੌਲ਼ੀ-ਹੌਲ਼ੀ ਨਾਲ-ਨਾਲ਼ ਇਹਨਾਂ ਨੂੰ ਵੀ ਪਾਣੀ ਸਾਂਭਣ ਲਈ ਪ੍ਰੇਰਿਤ ਕਰਦੇ ਰਹਿੰਦੇ ਤਾਂ ਸ਼ਾਇਦ ਅੱਜ ਇਹ ਦਿਨ ਨਹੀਂ ਸੀ ਆਉਣਾ।

ਸਾਡੇ ਘਰ ਵੀ ਮੱਝਾਂ-ਗਾਂਵਾਂ ਰੱਖੀਆਂ ਸਨ। ਜਦੋਂ ਅਸੀਂ ਪੜ੍ਹ ਕੇ ਆਉਣਾ ਤਾਂ ਗਰਮੀਆਂ ਦੇ ਦਿਨਾਂ ਵਿੱਚ ਸਾਡੀ ਡਿਊਟੀ ਹੁੰਦੀ ਸੀ ਮੱਝਾਂ ਨੂੰ ਨਵਾਉਣ ਦੀ। ਮੈਂ ਹਮੇਸ਼ਾ ਕਹਿਣਾ ਕਿ ਇਹਨਾਂ ਨੂੰ ਬਾਹਰ ਮੋਟਰ ’ਤੇ ਜਾਂ ਨਹਿਰ ’ਤੇ ਨੁਹਾ ਕੇ ਲਿਆਉਨੇ ਹਾਂ ਪਰ ਪਿਤਾ ਜੀ ਦਾ ਹੁਕਮ ਹੁੰਦਾ ਸੀ ਨਹੀਂ, ਐਵੇਂ ਕਿੱਥੇ ਪੈਂਡਾ ਮਾਰਦੇ ਜਾਵਾਂਗੇ, ਇੱਥੇ ਹੀ ਮੋਟਰ ਚਲਾ ਕੇ ਨੁਹਾ ਦੇਵੋ। ਤੇ ਛੋਟੇ ਹੋਣ ਕਰਕੇ ਹੁਕਮ ਮੰਨਣਾ ਪੈਂਦਾ ਸੀ। ਕਈ ਵਾਰ ਮੇਰੀ ਮਾਤਾ ਜੀ ਨੇ ਵੀ ਕਹਿਣਾ ਕਿ ਸਰਦਾਰ ਜੀ ਫਿਰ ਕੀ ਹੋਣ ਲੱਗਾ ਬੱਚਿਆਂ ਦੇ ਨਾਲ਼ ਚਲੇ ਜਾਓ ਤੇ ਨਾਲ਼ੇ ਮਾਲ-ਡੰਗਰ ਘੁੰਮ ਫਿਰ ਆਊ, ਨਾਲ਼ੇ ਬੱਚੇ ਖੁੱਲ੍ਹੇ ਪਾਣੀ ਵਿੱਚ ਖੇਡ ਆਉਣਗੇ ਪਰ ਪਿਤਾ ਜੀ ਨੇ ਨਾਂਹ ਕਰ ਦੇਣੀ। ਘਰੇਲੂ ਕਲੇਸ਼ ਦੇ ਡਰੋਂ ਮਾਤਾ ਜੀ ਨੇ ਵੀ ਜ਼ਿਆਦਾ ਜ਼ੋਰ ਨਾ ਪਾਉਣਾ ਤੇ ਸਾਡੇ ਘਰ ਪਿਤਾ ਜੀ ਜੋ ਕਿ ਰਿਟਾਇਰਡ ਫ਼ੌਜੀ ਹਨ, ਉਹਨਾਂ ਵੱਲੋਂ 5-6 ਵਜੇ ਤੋਂ ਸਬਮਰਸੀਬਲ ਮੋਟਰ ਚਲਾਈ ਜਾਣੀ ਤੇ ਲਗਾਤਾਰ ਦੋ ਘੰਟੇ ਚੱਲਦੀ ਰਹਿਣੀ। ਪਹਿਲਾਂ ਮੱਝਾਂ-ਗਾਵਾਂ ਨੁਹਾਈਆਂ ਜਾਂਦੀਆਂ ਫਿਰ ਸਾਰਾ ਪੱਕਾ ਵਿਹੜਾ ਠੰਢਾ ਕੀਤਾ ਜਾਣਾ ਤੇ ਕਈ ਵਾਰ ਤੇ ਸੂਰਜ ਛਿਪਣ ਤੋਂ ਬਾਅਦ ਕੋਠੇ ਦਾ ਲੈਂਟਰ ਵੀ ਪਾਣੀ ਪਾ-ਪਾ ਕੇ ਠੰਢਾ ਕੀਤਾ ਜਾਂਦਾ ਸੀ ਕਿਉਂਕਿ ਅਸੀਂ ਸਾਰਾ ਪਰਿਵਾਰ ਗਰਮੀਆਂ ਵਿੱਚ ਕੋਠੇ ’ਤੇ ਹੀ ਪੱਖੇ ਲਾ ਕੇ ਸੌਂਦੇ ਸੀ ਅਤੇ ਪੂਰੇ ਦਿਨ ਤਿੱਖੀ ਸੂਰਜ ਦੀ ਗਰਮੀ ਲੈਂਟਰ ’ਤੇ ਪੈਂਦੀ ਸੀ ਤੇ ਰਾਤ ਨੂੰ ਫਿਰ ਲੈਂਟਰ ਵਿੱਚੋਂ ਓਹੀ ਗਰਮੀ ਭੜਾਸ ਦੇ ਰੂਪ ਵਿੱਚ ਨਿਕਲਦੀ ਸੀ। ਪਰ ਫ਼ੌਜੀ ਸਾਹਬ ਨੇ ਮੱਛੀ-ਮੋਟਰ ਦਾ ਲਾਹਾ ਲੈਣਾ ਤੇ ਪਾਣੀ ਪਾ-ਪਾ ਕੇ ਲੈਂਟਰ ਸੀਤ ਠੰਢਾ ਕਰ ਦੇਣਾ।

ਹੁਣ ਦੂਸਰੇ ਪਾਸੇ ਭਾਈ ਬਲਵਿੰਦਰ ਸਿੰਘ ਜਟਾਣੇ ਵਰਗੇ ਪਾਣੀ ਦੀ ਇੱਕ ਬੂੰਦ ਲਈ ਆਪਾ ਵਾਰਨ ਤਕ ਤਤਪਰ ਸਨ ਤੇ ਦੂਸਰੇ ਪਾਸੇ ਉਹਨਾਂ ਦਾ ਹੀ ਹਮਉਮਰ ਆਪਣੇ ਬੱਚਿਆਂ ਦੇ ਸੌਣ ਲਈ ਧਰਤੀ ਹੇਠੋਂ ਕਈ ਲੀਟਰ ਪਾਣੀ ਕੱਢ ਕੇ ਡੋਲ੍ਹ ਕੇ ਲੈਂਟਰ ਠੰਢਾ ਕਰ ਰਿਹਾ ਸੀ। ਸੋਚ ਵਿੱਚ ਫ਼ਰਕ ਕਿੰਨਾ ਸੀ। ਇੱਕ ਪਾਸੇ ਪੀੜੀਆਂ ਦੀ ਚਿੰਤਾ ਸੀ ਕਿ ਆਉਣ ਵਾਲ਼ੀਆਂ ਪੀੜੀਆਂ ਲਈ ਪਾਣੀ ਬਚਾਉਣਾ ਤੇ ਦੂਸਰੇ ਪਾਸੇ ਇੱਕ ਪੀੜੀ ਦੀ ਇੱਕ ਰਾਤ ਦੇ ਸੁੱਖ ਲਈ ਕਿੰਨਾ ਪਾਣੀ ਅਜਾਈਂ ਰੋਹੜ ਦਿੱਤਾ ਜਾਂਦਾ ਸੀ। ਗ਼ਲਤ ਸਾਡੇ ਫ਼ੌਜੀ ਸਾਹਬ ਵੀ ਨਹੀਂ ਸੀ, ਬੱਸ ਉਹਨਾਂ ਕੋਲ਼ ਗਿਆਨ ਦੀ ਕਮੀ ਸੀ। ਬੇਸ਼ੱਕ ਫ਼ੌਜ ਦੀ ਨੌਕਰੀ ਕਰ ਕੇ ਪੂਰਾ ਦੇਸ਼ ਗਾਹ ਲਿਆ। ਪਰ ਫ਼ੌਜ ਨੇ ਸਿਰਫ਼ ਹੁਕਮ ਮਾਰਨਾ ਤੇ ਹੁਕਮ ਕਰਨਾ ਹੀ ਸਿਖਾਇਆ, ਕੁਦਰਤ ਨੂੰ ਸਮਝਣਾ ਤੇ ਜਿਊਣਾ ਨਹੀਂ ਸਿਖਾਇਆ। ਸਾਡੇ ਘਰ ਦੋ ਰੁੱਖ ਸਨ ਉਹ ਵੀ ਕੱਟ ਦਿੱਤੇ ਗਏ ਕਿਉਂਕਿ ਰਸਤੇ ਵਿੱਚ ਸਨ। ਇਹੀ ਹਾਲ ਸਾਡੇ ਬਾਕੀ ਆਂਢ-ਗੁਆਂਢ ਦਾ ਵੀ ਸੀ।

ਘਰ ਦੇ ਨਾਲ਼ ਇੱਕ ਹੋਰ ਬਾਪੂ ਜੀ ਫ਼ੌਜੀ ਸਨ ਜੋ ਮੇਰੇ ਦਾਦਾ ਜੀ ਨਾਲ਼ ਆਰਮੀ ਦੀ ਨੌਕਰੀ ਕਰਦੇ ਰਹੇ, ਉਹਨਾਂ ਦੀ ਤੇ ਮੇਰੇ ਪਿਤਾ ਜੀ ਦੀ ਜ਼ਿੱਦ ਹੁੰਦੀ ਸੀ ਪਾਇਪ ਨਾਲ਼ ਪਾਣੀ ਰੋੜ੍ਹਨ ਦੀ। ਤੇ ਓਸ ਵੇਲ਼ੇ ਇੱਕ ਨਵਾਂ ਸਿਸਟਮ ਹੋਰ ਵੀ ਸ਼ੁਰੂ ਹੋਇਆ ਸੀ, ਸਰਕਾਰ ਵੱਲੋਂ ਪਿੰਡਾਂ ਵਿੱਚ ਪਾਣੀ ਦੀਆਂ ਟੈਂਕੀਆਂ ਬਣਾ ਕੇ ਦੇਣ ਦਾ। ਸਾਡੇ ਪਿੰਡ ਵੀ ਟੈਂਕੀ ਬਣ ਗਈ ਲੋਕਾਂ ਨੇ ਘਰਾਂ ਵਿੱਚ ਸਰਕਾਰੀ ਟੂਟੀਆਂ ਲਵਾ ਲਈਆਂ। ਸਾਡੇ ਘਰ ਸਬਮਰਸੀਬਲ ਮੋਟਰ ਹੋਣ ਕਰਕੇ ਅਸੀਂ ਨਹੀਂ ਲਵਾਈ। ਪਰ ਇੱਕ ਦਿਨ ਮੈਂ ਆਪਣੇ ਛੋਟੇ ਚਾਚਾ ਜੀ ਘਰ ਸੀ ਤੇ ਸ਼ਾਮ ਦੇ ਸਮੇਂ ਸਰਕਾਰੀ ਪਾਣੀ ਆਇਆ। ਅਸੀਂ ਵਿਹੜੇ ਵਿੱਚ ਬੈਠੇ ਸੀ ਜ਼ੋਰ ਦੀ ਅਵਾਜ਼ ਆਈ ਬਾਥਰੂਮ ਵਿੱਚੋਂ ਕਿਸੇ ਚੀਜ਼ ਦੇ ਚੱਲਣ ਦੀ। ਚਾਚਾ ਜੀ ਨੇ ਚਾਚੀ ਜੀ ਨੂੰ ਅਵਾਜ਼ ਦਿੱਤੀ ‘ਪਾਣੀ ਆ ਗਿਐ, ਭਰ ਲੈ ਪਹਿਲਾਂ ਬਾਕੀ ਕੰਮ ਬਾਅਦ ਵਿੱਚ ਕਰ ਲਵੀਂ।’ ਉਹਨਾਂ ਨੇ ਆਪਣੇ ਘਰ ਦੋ ਡਰੰਮ ਰੱਖੇ ਸਨ। ਤੇ ਹੋਰ ਬਾਕੀ ਬਾਲਟੀਆਂ ਵਗੈਰਾ ਭਰ ਕੇ ਉਹ ਪਾਣੀ ਸਟੋਰ ਕਰ ਕੇ ਰੱਖ ਲੈਂਦੇ ਸਨ। ਮੈਂ ਸੋਚਿਆ ਕਿ ਇਹ ਕਿੰਨੇ ਸਿਆਣੇ ਨੇ ਪਾਣੀ ਦੀ ਕਿੰਨੀ ਵੈਲਿਊ ਹੈ, ਇਹਨਾਂ ਨੂੰ ਸਭ ਪਤਾ ਹੈ। ਕਿੰਨਾ ਵਧੀਆ ਸਿਸਟਮ ਬਣਾਇਆ ਇਹਨਾਂ ਨੇ। ਸਾਰੇ ਲੋਕਾਂ ਨੂੰ ਇਹਨਾਂ ਦੀ ਤਰ੍ਹਾਂ ਹੀ ਸੋਚਣਾ ਚਾਹੀਦਾ।

ਮੈਂ ਅਜੇ ਸੋਚਾਂ ਵਿੱਚ ਹੀ ਸੀ ਕਿ ਚਾਚੀ ਜੀ ਚਾਹ ਲੈ ਆਏ ਤੇ ਅਸੀਂ ਬੈਠੇ ਪੀਂਦੇ ਰਹੇ ਤੇ ਦੂਜੇ ਪਾਸੇ ਪਾਣੀ ਚੱਲਣ ਦੀ ਅਵਾਜ਼ ਆਈ ਜਾਵੇ ਪਰ ਪਾਣੀ ਹੁਣ ਬਾਹਰ ਡੁੱਲ੍ਹ ਰਿਹਾ ਸੀ। ਮੈਂ ਸਵਾਲ ਕੀਤਾ “ਚਾਚਾ ਜੀ! ਪਾਣੀ ਭਰ ਗਿਆ ਲੱਗਦੈ, ਬੰਦ ਕਿਉਂ ਨਹੀਂ ਕਰਦੇ?” ਜਵਾਬ ਆਇਆ- “ਆਪੇ ਹੋ ਜਾਣੈ।” ਮੈਂ 20 ਕੁ ਮਿੰਟ ਬੈਠਾ ਰਿਹਾ ਓਥੇ, ਅਖ਼ੀਰ ਪਾਣੀ ਬੰਦ ਹੋ ਗਿਆ। ਮੈਂ ਬਾਅਦ ਵਿੱਚ ਹੈਰਾਨ ਹੋ ਕੇ ਕਿਹਾ “ਕਿੰਨਾ ਪਾਣੀ ਅਜਾਈਂ ਵਹਿ ਗਿਆ, ਬੰਦ ਕਿਉਂ ਨਹੀਂ ਕੀਤਾ ਤੁਸੀਂ?” ਜਵਾਬ ਸੁਣ ਕੇ ਮੈਂ ਹੈਰਾਨ ਰਹਿ ਗਿਆ ਕਿ ਐਸੀ ਮਾਨਸਿਕਤਾ ਵੀ ਹੋ ਸਕਦੀ ਕਿਸੇ ਦੀ। ਕਹਿੰਦੇ “ਬੰਦ ਕਰਨ ਵਾਲ਼ੀ ਟੂਟੀ ਹੀ ਨਹੀਂ ਲਵਾਈ ਅਸਾਂ।” ਮੈਂ ਕਿਹਾ “ਕਿਉਂ?” ਕਹਿੰਦੇ “ਪਹਿਲਾਂ ਟੂਟੀ ਸੀ ਪਰ ਜਦੋਂ ਪਾਣੀ ਆਉਣਾ ਸਾਨੂੰ ਕਈ ਵਾਰੀ ਦੇਰੀ ਨਾਲ਼ ਪਤਾ ਲੱਗਣਾ ਤੇ ਜਦ ਨੂੰ ਅਸੀਂ ਆਪਣੇ ਡਰੰਮ ਭਰਨੇ, ਪਾਣੀ ਬੰਦ ਹੋ ਜਾਣਾ, ਸੋ ਇਸ ਲਈ ਟੂਟੀ ਹੀ ਲਾਹ ਸੁੱਟੀ ਕਿ ਜਦ ਵੀ ਪਾਣੀ ਆਵੇ, ਆਪੇ ਹੀ ਡਰੰਮ ਭਰ ਜਾਇਆ ਕਰੇ।” ਮੈਂ ਕਿਹਾ “ਪਰ ਹੁਣ ਭਰਨ ਤੋਂ ਬਾਅਦ ਵੀ ਕਿੰਨਾ ਪਾਣੀ ਅਜਾਈਂ ਗਿਆ।” ਕਹਿੰਦੇ “ਕਦੀ-ਕਦੀਂ ਥੋੜਾ ਹੀ ਬਾਹਰ ਡੁੱਲ੍ਹਦੈ, ਅੱਜ ਪਿੱਛੋਂ ਜ਼ਿਆਦਾ ਚਿਰ ਚਲਾ ਦਿੱਤਾ ਹੋਣੈ ਪਾਣੀ, ਤਾਂ ਕਰਕੇ ਜ਼ਿਆਦਾ ਬਾਹਰ ਡੁੱਲ੍ਹ ਗਿਆ, ਚੱਲ ਸਾਡਾ ਕੀ ਜਾਂਦਾ! ਨਾਲ਼ੀ ਸਾਫ਼ ਹੋ ਜਾਊ ਪਾਣੀ ਦੇ ਨਾਲ਼, ਬਿੱਲ ਤਾਂ ਅਸੀਂ ਓਹੀ ਦੇਣਾ, ਜੋ ਮਹੀਨੇ ਦਾ ਪੱਕਾ ਆਉਂਦੈ, ਇੱਥੇ ਕਿਹੜਾ ਲੀਟਰਾਂ ਦੇ ਹਿਸਾਬ ਨਾਲ਼ ਦੇਈਦਾ ਜੋ ਏਨੀ ਪਰਵਾਹ ਕਰੀਏ।”

ਜਦੋਂ ਮੈਂ ਕਦੇ ਸ਼ਾਮ ਨੂੰ ਪਿੰਡ ਦੀਆਂ ਗਲ਼ੀਆਂ ਵਿੱਚ ਨਿਕਲਣਾ ਤਾਂ ਤਕਰੀਬਨ ਨਾਲ਼ੀਆਂ ਪਾਣੀ ਨਾਲ਼ ਭਰੀਆਂ ਵਹਿ ਰਹੀਆਂ ਹੁੰਦੀਆਂ ਸਨ। ਇਉਂ ਪ੍ਰਤੀਤ ਹੁੰਦਾ ਸੀ ਜਿਵੇਂ ਮੇਰੇ ਚਾਚਾ ਜੀ ਵਾਲ਼ਾ ਫਾਰਮੂਲਾ ਸਾਰਿਆਂ ਨੇ ਹੀ ਅਪਣਾ ਲਿਆ ਹੋਵੇ ਕਿ ਆਪੇ ਪਾਣੀ ਬੰਦ ਹੋ ਜਾਊ, ਟੂਟੀ ਦੀ ਲੋੜ ਹੀ ਨਹੀਂ। ਉਹਨਾਂ ਦਾ ਵੇਲ਼ਾ ਤਾਂ ਸਰ ਗਿਆ। ਅੱਜ ਜਦੋਂ ਉਹਨਾਂ ਦੇ ਬੱਚੇ ਵੱਡੇ ਹੋਏ ਤਾਂ ਸਾਨੂੰ ਹੁਣ ਸਾਫ਼ ਪਾਣੀ ਲੈਣ ਲਈ ਮਹਿੰਗੇ ਫਿਲਟਰ ਤੇ ਡੂੰਘੇ ਬੋਰ ਕਰਵਾਉਣੇ ਪਏ ਤੇ ਸ਼ਾਇਦ ਇਸ ਤਰ੍ਹਾਂ ਲੱਗਦਾ ਕਿ ਮੇਰੇ ਬੱਚਿਆਂ ਨੇ ਜਦੋਂ ਵੱਡੇ ਹੋਣਾ ਤਾਂ ਉਹਨਾਂ ਨੂੰ ਇਹ ਸਭ ਦੇ ਬਾਵਜੂਦ ਵੀ ਪਾਣੀ ਨਹੀਂ ਮਿਲ਼ਣਾ।

ਪਿਛਲੇ ਮਹੀਨੇ ਅਸੀਂ ਆਪਣੇ ਘਰ 400 ਫੁੱਟ ਬੋਰ ਕਰਵਾਇਆ ਕਿਉਂਕਿ ਪਹਿਲਾਂ 250 ਫੁੱਟ ਸੀ ਜਿੱਥੇ ਬਿਲਕੁਲ ਗੰਦਾ ਪਾਣੀ ਆ ਰਿਹਾ ਸੀ। ਸਾਰੀਆਂ ਪਾਈਪਾਂ ਵਿੱਚ ਗੰਦ ਜਮ ਗਿਆ ਸੀ। ਕੱਪੜੇ ਧੋਣ ’ਤੇ ਪੀਲ਼ੇ ਪੈ ਜਾਂਦੇ ਸਨ। ਬਾਥ-ਟੱਬ, ਟਾਇਲਟ ਸੀਟਾਂ, ਵਾਸ਼-ਬੇਸਿਨ ਵੀ ਪੀਲ਼ੇ ਪੈ ਗਏ ਸਨ। ਪੇਂਡੂ ਤਬਕਾ ਤਾਂ ਕਿਤੇ ਨਾ ਕਿਤੇ ਪਾਣੀ ਜ਼ਿਆਦਾ ਥੱਲੇ ਜਾਣ ਤੋਂ ਬਾਅਦ ਵੀ ਕੁਝ ਨਾ ਕੁਝ ਕਰ ਲਵੇਗਾ ਮੀਂਹ ਵਗੈਰਾ ਦਾ ਪਾਣੀ ਸਟੋਰ ਕਰ ਕੇ। ਪਰ ਸ਼ਹਿਰੀ ਤਬਕਾ? ਵੇਖ ਲਿਓ, ਇੱਕ ਦਿਨ ਇਹਨਾਂ ਦੀਆਂ ਪੀੜੀਆਂ ਦਾ ਬੁਰਾ ਹਾਲ ਹੋ ਜਾਣਾ।

ਸਮਾਂ ਅੱਜ ਵੀ ਹੈ, ਸਾਰੇ ਪੰਜਾਬ ਦੀ ਗੱਲ ਕਰੀਏ। ਸ਼ਹਿਰਾਂ ਵਾਲ਼ੇ ਵੀ ਪਾਣੀ ਦੇ ਮਸਲੇ ਨੂੰ ਸਿਰਫ਼ ਸਿੱਖਾਂ ਦਾ ਮਸਲਾ ਬਣਾ ਕੇ ਨਾ ਵੇਖਣ, ਸਗੋਂ ਪੜ੍ਹਿਆ-ਲਿਖਿਆ ਸ਼ਹਿਰੀ ਵਰਗ ਪਿੰਡਾਂ ਵਿੱਚ ਜਾ ਕੇ ਸੈਮੀਨਾਰ ਲਾਵੇ ਤੇ ਜਿਹੜੇ ਖਾਲ਼ ਅੱਜ ਬੰਦ ਹੋ ਗਏ ਹਨ, ਉਹਨਾਂ ਨੂੰ ਖੁੱਲ੍ਹਵਾ ਕੇ ਕਿਸਾਨਾਂ ਨੂੰ ਨਹਿਰੀ ਪਾਣੀ ਵੱਲ ਮੋੜਿਆ ਜਾਵੇ। ਤੇ ਜਿੰਨਾ ਹੋ ਸਕੇ ਆਪਣੇ ਪਾਣੀ ਨੂੰ ਸਾਂਭ ਕੇ ਵਰਤਿਆ ਜਾਵੇ ਤੇ ਹਰੇਕ ਪਿੰਡ, ਸ਼ਹਿਰ ਦੇ ਮੁਹੱਲਿਆਂ ਵਿੱਚ ਪਾਣੀ ਨੂੰ ਰੀਸਾਇਕਲ ਕਰ ਕੇ ਦੁਬਾਰਾ ਵਰਤਣਯੋਗ ਬਣਾਇਆ ਜਾਵੇ।

ਸਰਕਾਰਾਂ ਦੀਆਂ ਨਲਾਇਕੀਆਂ ਤੇ ਸਾਡੇ ਵੱਡਿਆਂ ਦੇ ਅਵੇਸਲੇਪਣ ਦੇ ਸਦਕਾ ਹੁਣ ਵਾਲ਼ੀ ਪੀੜੀ ਵਿਦੇਸ਼ਾਂ ਨੂੰ ਰੁਖ਼ ਕਰੀ ਜਾਂਦੀਆਂ। ਤੇ ਹੈਰਾਨੀ ਦੀ ਗੱਲ ਇਹ ਹੈ ਕਿ ਜਿਹੜੇ ਮਾਤਾ-ਪਿਤਾ ਨੇ ਰੱਜ ਕੇ ਕੁਦਰਤ ਦਾ ਘਾਣ ਕੀਤਾ, ਦਰਖ਼ਤ ਨਹੀਂ ਛੱਡੇ, ਪਾਣੀ ਦੀ ਦੁਰਵਰਤੋਂ ਕੀਤੀ; ਓਹੀ ਆਪਣੇ ਬੱਚਿਆਂ ਨੂੰ ਕਹਿੰਦੇ ਪੰਜਾਬ ’ਚ ਕੁਝ ਨਹੀਂ ਤੁਸੀਂ ਬਾਹਰ ਚਲੇ ਜਾਓ ਤੇ ਕਰਜ਼ੇ ਚੁੱਕ-ਚੁੱਕ ਬਾਹਰ ਨੂੰ ਤੋਰ’ਤੇ, ਜਿਨ੍ਹਾਂ ਬੱਚਿਆਂ ਲਈ ਪਹਿਲਾਂ

ਕੁਦਰਤ ਦਾ ਘਾਣ ਕੀਤਾ ਸੀ।

ਕੁਦਰਤ ਦਾ ਘਾਣ ਕਰਵਾਉਣ ਵਿੱਚ ਸਰਕਾਰਾਂ ਦਾ ਵੱਡਾ ਹੱਥ ਸੀ ਕਿਉਂਕਿ ਜਿਹੜਾ ਪੰਜਾਬ ਦੀ ਗੱਲ ਕਰਦਾ, ਸਰਕਾਰਾਂ ਨੇ ਉਹਨਾਂ ਨੂੰ ਅੱਤਵਾਦੀ, ਵੱਖਵਾਦੀ ਕਹਿ ਕੇ ਪ੍ਰਚਾਰਿਆ ਤੇ ਆਮ ਲੋਕਾਂ ਨੇ ਆਪਣੇ-ਆਪ ਨੂੰ ਦੇਸ਼-ਭਗਤ ਸਾਬਿਤ ਕਰਨ ਲਈ ਉਹਨਾਂ ਦੇ ਕਹੇ ਦੇ ਉਲਟ ਕੰਮ ਕੀਤੇ। ਜੇ ਕਿਸੇ ਜਥੇਬੰਦੀ ਜਾਂ ਕੁਦਰਤ-ਪ੍ਰੇਮੀ ਨੇ ਸੜਕਾਂ ਕਿਨਾਰੇ ਦਰਖ਼ਤ ਲਾ ਦੇਣੇ ਤਾਂ ਇਹਨਾਂ ਨੇ ਸ਼ਾਮ ਨੂੰ ਪੁੱਟ ਦੇਣੇ। ਇਹ ਸਾਡੇ ਨਾਲ਼ ਵੀ ਹੋਇਆ ਅਸੀਂ ਪਿੰਡ ਦੇ ਆਲ਼ੇ-ਦੁਆਲ਼ੇ 2014 ਵਿੱਚ ਬਹੁਤ ਵੱਡੀ ਗਿਣਤੀ ਵਿੱਚ ਦਰਖ਼ਤ ਲਾਏ। ਸਰਕਾਰੀ ਗਰਾਊਂਡ ਦੇ ਦੁਆਲ਼ੇ ਵੀ ਲਵਾਏ। ਉਹ ਇਸ ਲਈ ਲਾਏ ਕਿ ਜਦੋਂ ਸ਼ਾਮ ਨੂੰ ਨੌਜਵਾਨ ਖੇਡਦੇ ਹਨ ਤਾਂ ਜਿਹੜਾ ਵਰਗ ਖੇਡ ਵੇਖਣ ਆਉਂਦਾ ਹੈ, ਉਹਨਾਂ ਲਈ ਛਾਂ ਦਾ ਪ੍ਰਬੰਧ ਹੋ ਸਕੇ ਤੇ ਬਕਾਇਦਾ ਅਸੀਂ ਦੋ ਬੰਦੇ ਸਵੇਰੇ-ਸ਼ਾਮ ਦਰਖ਼ਤਾਂ ਦੀ ਦੇਖਭਾਲ਼ ਪਾਣੀ ਵਗੈਰਾ ਦੇਣ ਲਈ ਰੱਖੇ ਪਰ ਸਿਰਫ਼ ਵਿਰੋਧ ਵਿੱਚ ਹੀ ਲੋਕਾਂ ਨੇ ਸਾਰੇ ਦੇ ਸਾਰੇ ਦਰਖ਼ਤ ਇੱਕ ਮਹੀਨੇ ਦੇ ਅੰਦਰ-ਅੰਦਰ ਹੀ ਪੁੱਟ ਕੇ ਪਰ੍ਹਾਂ ਮਾਰੇ।

ਇਸ ਵਿੱਚ ਮੇਰਾ ਤਾਂ ਕੋਈ ਨੁਕਸਾਨ ਨਹੀਂ ਹੋਇਆ ਕਿਉਂਕਿ ਮੈਂ ਜਿਹੜੇ ਮੁਲਕ ਵਿੱਚ ਬੈਠਾ ਹਾਂ, ਇੱਥੇ ਪ੍ਰਤੀ ਵਿਅਕਤੀ 20 ਤੋਂ ਵਧੇਰੇ ਦਰਖ਼ਤ ਹਨ ਤੇ ਪੰਜਾਬ ਵਿੱਚ 3 ਵਿਅਕਤੀਆਂ ਪਿੱਛੇ ਇੱਕ ਦਰਖ਼ਤ ਜਿਸ ਦੇ ਫਲਸਰੂਪ ਗੁਰਦਿਆਂ ਦੀਆਂ ਬਿਮਾਰੀਆਂ ਪਿੰਡਾਂ ਵਿੱਚ ਰਹਿੰਦਿਆਂ ਨੂੰ ਹੀ ਲੱਗ ਰਹੀਆਂ ਹਨ। ਜਿੰਨੀ ਦੇਰ ਦਰਖ਼ਤ ਨਹੀਂ ਹੋਣਗੇ ਹਵਾ ਸਾਫ਼ ਨਹੀਂ ਹੋਵੇਗੀ ਜਦੋਂ ਹਵਾ ਸਾਫ਼ ਨਹੀਂ ਹੋਈ ਤਾਂ ਸਾਹ ਲੈਣ ਵੇਲ਼ੇ ਅੰਦਰ ਖਿੱਚੀ ਗਈ ਗੰਦਲੀ ਹਵਾ ਸਰੀਰ ਨੂੰ ਅੰਦਰੋਂ ਪੂਰਾ ਖ਼ਰਾਬ ਕਰ ਦੇਵੇਗੀ।

ਇਹ ਪੂਰਾ ਹਾਲ ਜੋ ਲਿਖਿਆ, ਇਹ ਤਾਂ ਵਾਪਰਿਆ ਕਿਉਂਕਿ ਪੰਜਾਬ ਨੂੰ ਉਸ ਦਾ ਅਸਲ ਦਰਿਆਈ ਪਾਣੀ ਨਹੀਂ ਮਿਲ਼ਿਆ ਤੇ ਅਵੇਸਲੇ ਤੇ ਬੇਸੁੱਧ ਪੰਜਾਬੀਆਂ ਨੇ ਹੱਕ ਲੈਣ ਦੀ ਜਗਾ ਨਵੇਂ ਰਸਤੇ ਲੱਭੇ ਤੇ ਜਿਹੜੇ ਨਵੇਂ ਰਸਤੇ ਲੱਭੇ ਉਹਨਾਂ ਰਾਹੀਂ ਪਾਣੀ ਬਹੁਤ ਸੁਖਾਲਾ ਤੇ ਜ਼ਿਆਦਾ ਮਾਤਰਾ ਵਿੱਚ ਮਿਲਿਆ ਪਰ ਬੇਸੁਰਤਿਆਂ ਨੂੰ ਇਹ ਸੁਰਤ ਨਹੀਂ ਸੀ ਕਿ ਇਹ ਭੰਡਾਰ ਇੱਕ ਦਿਨ ਖ਼ਾਲੀ ਵੀ ਹੋ ਜਾਣਾ। ਇਹ ਤਾਂ ਕੁਦਰਤ ਨੇ ਔਖੇ ਸਮਿਆਂ ਲਈ ਪੰਜਾਬੀਆਂ 'ਤੇ ਦਇਆ ਕਰ ਕੇ ਉਹਨਾਂ ਦੀ ਝੋਲ਼ੀ ਪਾਇਆ ਸੀ ਪਰ ਅਸੀਂ ਆਪਣੇ ਬੇਹੋਸ਼ਪੁਣੇ ਵਿੱਚ ਉਹ ਖ਼ਜ਼ਾਨਾ ਕੱਢ ਕੇ ਵਰਤਣ ਲੱਗ ਗਏ ਤੇ ਅਸਲ ਖ਼ਜ਼ਾਨਾ ਜੋ ਕੁਦਰਤ ਨੇ ਬਖ਼ਸ਼ਿਆ ਸੀ ਉਹ ਪਤਾ ਹੀ ਨਹੀਂ ਲੱਗਿਆ ਕਦੋਂ ਬਿਪਰ ਚੋਰੀ ਕਰ ਕੇ ਲੈ ਗਿਆ।

ਪੰਜਾਬ ਜੋ ਕਿ ਪੰਜ ਦਰਿਆਵਾਂ ਦੀ ਧਰਤੀ ਸੀ, ਅੱਜ ਰੇਗਿਸਤਾਨ ਬਣਨ ਦੇ ਕੰਢੇ 'ਤੇ ਖੜ੍ਹੀ ਹੈ। ਪੰਜਾਬ ਦੇ ਕੁਲ 138 ਬਲਾਕਾਂ ਵਿੱਚੋਂ 11 ਬਲਾਕਾਂ ਦਾ ਧਰਤੀ ਹੇਠਲਾ ਪਾਣੀ ਬਿਲਕੁਲ ਹੀ ਖ਼ਤਮ ਹੋ ਚੁੱਕਾ ਹੈ। ਪੰਜਾਬ ਕੋਲ਼ ਹੁਣ ਸਿਰਫ਼ ਗਿਣਤੀ ਦੇ ਸਾਲਾਂ ਦਾ ਹੀ ਪਾਣੀ ਬਚਿਆ। ਪੰਜਾਬੀ ਨਸਲ ਖ਼ਤਮ ਕਰਨ ਲਈ ਜ਼ਰੂਰੀ ਸੀ ਪੰਜਾਬ ਦਾ ਪਾਣੀ ਖ਼ਤਮ ਕਰਨਾ। ਜੋ ਕਿ ਅੰਗਰੇਜ਼ਾਂ ਨੇ 75 ਸਾਲ ਪਹਿਲਾਂ ਠਾਣ ਲਿਆ ਸੀ। ਜਿਸ ਨੂੰ ਅਮਲੀ ਜਾਮਾ ਬੇਸੁੱਧ ਜਾਂ ਅਵੇਸਲੇ ਪੰਜਾਬੀਆਂ ਨੇ ਆਪ ਪਹਿਨਾ ਦਿੱਤਾ।

ਇਹ ਜੋ ਮੈਂ ਉੱਪਰ ਵਰਤਾਰੇ ਲਿਖੇ ਹਨ ਸਾਡੇ ਘਰਾਂ ਵਿੱਚ ਪਾਣੀ ਨੂੰ ਲੈ ਕੇ ਅਵੇਸਲਾਪਣ, ਇਹ ਪੰਜਾਬੀਆਂ ਖ਼ਾਸ ਕਰਕੇ ਸਿੱਖਾਂ ਦੇ ਵਿੱਚ ਆਉਣ ਦਾ ਕਾਰਨ ਇਹ ਹੈ ਕਿ ਜਦੋਂ ਅੰਗਰੇਜ਼ਾਂ ਨੇ ਸੱਤਾ India and Pakistan Dominion States ਦੇ ਹੁਣ ਵਾਲ਼ੇ ਹਾਕਮਾਂ ਨੂੰ ਦਿੱਤੀ ਓਸ ਵੇਲੇ ਸਿੱਖਾਂ ਦੀ ਕੁੱਲ ਅਬਾਦੀ ਦਾ 2.5% ਹਿੱਸਾ ਮਾਰਿਆ ਗਿਆ ਤੇ ਕਰੀਬ 45% ਉੱਜੜ ਗਿਆ। ਜਿਸ ਕੌਮ ਦੀ ਅੱਧੀ ਅਬਾਦੀ ਸੜਕਾਂ 'ਤੇ ਬੈਠੀ ਹੋਵੇ, ਨਾ ਘਰ ਨਾ ਘਾਟ, ਕੁਝ ਖਾਣ-ਪੀਣ-ਪਾਉਣ ਨੂੰ ਨਹੀਂ, ਉਹ ਐਹੋ ਜਿਹੇ ਮੁੱਦਿਆਂ 'ਤੇ ਕਿਸ ਹਿਸਾਬ ਨਾਲ਼ ਚਿੰਤਨ ਕਰ ਸਕਦੀ ਹੈ ਪਰ ਫਿਰ ਵੀ 20 ਸਾਲਾਂ ਦੇ ਅੰਦਰ-ਅੰਦਰ ਹੀ ਸਿੱਖਾਂ ਨੇ ਆਪਣੇ ਆਪ ਨੂੰ ਸੰਭਾਲ਼ ਲਿਆ। ਹਾਕਮ ਜਮਾਤ ਜਿਹੜੀ ਇਹਨਾਂ ਦੇ ਉਜੜਨ ਦਾ ਕਾਰਨ ਸੀ, ਨੇ ਵੇਖਿਆ ਕਿ ਇਹ ਤਾਂ ਫਿਰ ਤੋਂ ਸੰਭਲਦੇ ਜਾ ਰਹੇ ਨੇ, ਉਸ ਨੇ ਇਹਨਾਂ ਨੂੰ ਹੁਣ ਮਾਰਨ ਤੇ ਉਜਾੜਨ ਨਾਲ਼ੋਂ ਇਹਨਾਂ ਦਾ ਸੱਭਿਆਚਾਰ ਆਪਸੀ ਸਾਂਝ ਖ਼ਤਮ ਕਰਨ ਵੱਲ ਧਿਆਨ ਦਿੱਤਾ। ਜਿਸ ਵਿੱਚ ਚਮਕੀਲਾ, ਗੁਰਦਾਸ ਮਾਨ ਵਰਗਿਆਂ ਨੇ ਅਹਿਮ ਭੂਮਿਕਾ ਨਿਭਾਈ। 'ਆਪਣਾ ਪੰਜਾਬ ਹੋਵੇ ਘਰ ਦੀ ਸ਼ਰਾਬ ਹੋਵੇ' ਤਾਂ ਖ਼ੂਬ ਗਾਇਆ ਪਰ ਪੰਜਾਬ ਦੇ ਪਾਣੀਆਂ ਨੂੰ ਬਚਾਉਣ ਲਈ ਕੋਈ ਗਾਣਾ ਨਹੀਂ ਪੰਜਾਬੀਆਂ ਨੂੰ ਸੁਣਾਇਆ। ਸਗੋਂ ਅੱਜ ਦੀ ਪੀੜੀ ਦੇ 'ਸਿੱਧੂ ਮੂਸੇਵਾਲ਼ੇ' ਨੇ ਪੰਜਾਬ ਦੇ ਪਾਣੀਆਂ ਨੂੰ ਲੈ ਕੇ ਚਿੰਤਾ ਜ਼ਰੂਰ ਜ਼ਾਹਿਰ ਕੀਤੀ। ਕਿਸ ਤਰ੍ਹਾਂ ਨਵਾਂ ਸੱਭਿਆਚਾਰ ਸਿਰਜਣ ਦੀ ਕੋਸ਼ਿਸ਼ ਇਹਨਾਂ ਕਲਾਕਾਰਾਂ ਵੱਲੋਂ ਕੀਤੀ ਗਈ।



ਵੰਡ ਤੋਂ ਪਹਿਲਾਂ ਪੰਜਾਬ ਦਾ ਪਾਣੀ ਸੂਬੇ ਤੋਂ ਬਾਹਰ ਸਿਰਫ਼ ਬੀਕਾਨੇਰ ਹੀ ਜਾਂਦਾ ਸੀ; ਫ਼ਿਰੋਜ਼ਪੁਰ ਹੈੱਡਵਰਕਸ ਤੋਂ ਗੰਗ ਕਨਾਲ਼ (ਬੀਕਾਨੇਰ ਫੀਡਰ) ਰਾਹੀਂ। ਇਸ ਰਾਹੀਂ ਜਿਹੜਾ ਪਾਣੀ ਬੀਕਾਨੇਰ ਨੂੰ ਜਾਂਦਾ ਸੀ, ਬੀਕਾਨੇਰ ਦਾ ਰਾਜਾ ਉਸ ਬਦਲੇ ਪੰਜਾਬ ਨੂੰ ਮਾਲੀਆ ਦਿੰਦਾ ਸੀ। 1947 ਤਕ ਪੰਜਾਬ ਨੂੰ ਇਸ ਪਾਣੀ ਦੇ ਪੈਸੇ ਮਿਲ਼ਦੇ ਰਹੇ। ਸੱਤਾ ਟਰਾਂਸਫਰ ਹੁੰਦੇ ਹੀ ਨਹਿਰੂ ਸਰਕਾਰ ਨੇ ਰਾਜਸਥਾਨ ਨੂੰ ਜਾਣ ਵਾਲ਼ਾ ਪਾਣੀ ਮੁਫ਼ਤ ਕਰ ਦਿੱਤਾ ਤੇ ਸਿਰਫ਼ ਇਹ ਹੀ ਨਹੀਂ, 1950 ਵਿੱਚ ਨਹਿਰੂ ਟੋਲੇ ਵੱਲੋਂ ਪੰਜਾਬ ਦੇ ਦਰਿਆਵਾਂ ਨੂੰ ਜੋੜਨ ਦਾ ਮਾਸਟਰ ਪਲਾਨ ਸ਼ੁਰੂ ਹੋਇਆ, ਜਿਸ ਦੀ ਸ਼ੁਰੂਆਤ 1948 ਵਿੱਚ ਹੋਈ ਸੀ। ਗੁਲਜ਼ਾਰੀ ਲਾਲ ਨੰਦਾ ਜੋ ਕਿ ਨਹਿਰੂ ਸਰਕਾਰ ਵਿੱਚ ਊਰਜਾ ਤੇ ਸਿੰਚਾਈ ਮੰਤਰੀ ਸੀ ਤੇ ਨਾਲ਼ ਹੀ ਪਲਾਨਿੰਗ ਕਮਿਸ਼ਨ ਦਾ ਚੈਅਰਮੈਨ ਵੀ ਸੀ, ਨੇ ਇਸ ਨੂੰ ਅਮਲੀ ਜਾਮਾ ਪਹਿਨਾਉਣ ਦਾ ਕੰਮ ਅਰੰਭਿਆ। ਉਸ ਨੇ ਪੰਜਾਬ ਵਿੱਚ ਭਾਖੜਾ ਨੰਗਲ ਡੈਮ ਤੇ ਹਰੀਕੇ ਹੈੱਡ ਵਰਕਸ 'ਤੇ ਕੰਮ ਸ਼ੁਰੂ ਕਰਵਾ ਦਿੱਤਾ। ਭਾਖੜਾ ਨੰਗਲ ਤੇ ਬਿਆਸ ਪ੍ਰਾਜੈਕਟ ਵਿੱਚ ਮੁੱਖ ਤਾਂ ਭਾਖੜਾ ਨੰਗਲ ਡੈਮ ਦੀ ਉਸਾਰੀ ਸੀ ਪਰ ਨਾਲ਼ ਦੀ ਨਾਲ਼ ਬਿਆਸ ਦੇ ਪਾਣੀ ਨੂੰ ਸਤਲੁਜ ਵਿੱਚ ਪਾਉਣ ਦਾ ਕੰਮ ਵੀ ਅਰੰਭ ਕੀਤਾ ਗਿਆ। ਜਿਸ ਲਈ ਬਿਆਸ-ਸਤਲੁਜ ਲਿੰਕ ਨਹਿਰ ਦਾ ਨਿਰਮਾਣ ਕੀਤਾ ਗਿਆ। ਇਹ ਕੰਮ ਉੱਪਰ ਹਿਮਾਚਲ ਵਿੱਚ ਪੰਡੋਹ ਡੈਮ 'ਤੇ ਹੋਇਆ। ਪੰਡੋਹ ਡੈਮ ਤੇ ਬਿਆਸ ਵਿੱਚ ਆਉਣ ਵਾਲ਼ੇ ਪਾਣੀ ਨੂੰ ਬੰਨ੍ਹ ਮਾਰ ਕੇ ਸੁਰੰਗ ਰਾਹੀਂ ਪਾਣੀ Rigar ਤਕ ਆਇਆ। Rigar ਤੋਂ open channel ਰਾਹੀਂ ਸੁੰਦਰ ਨਗਰ ਤਕ ਪਾਣੀ ਪਹੁੰਚਾਇਆ ਗਿਆ, ਸੁੰਦਰ ਨਗਰ ਤੋਂ ਸਤਲੁਜ ਦਰਿਆ (ਗੋਵਿੰਦ ਸਾਗਰ ਝੀਲ) ਤਕ ਫਿਰ ਪਾਣੀ ਸੁਰੰਗ ਰਾਹੀਂ ਪਹੁੰਚਾਇਆ ਗਿਆ। ਗੋਵਿੰਦ ਸਾਗਰ ਝੀਲ ਵਿੱਚ ਭਾਖੜਾ ਡੈਮ ਦੇ ਨਾਲ਼ ਬਿਆਸ ਦਾ ਤਕਰੀਬਨ 75 ਲੱਖ ਏਕੜ ਪਾਣੀ ਰੋਕ ਰੱਖਿਆ ਜਾਂਦਾ। ਤੇ ਜਿਹੜਾ ਪਾਣੀ ਭਾਖੜਾ ਡੈਮ ਤੋਂ ਟਰਬਾਈਨਾਂ ਚਲਾਉਣ ਲਈ ਛੱਡਿਆ ਜਾਂਦਾ, ਉਸ ਨੂੰ ਹੇਠਾਂ ਨੰਗਲ ਡੈਮ 'ਤੇ ਫਿਰ ਰੋਕ ਲਿਆ ਜਾਂਦਾ। ਫਿਰ ਨੰਗਲ ਡੈਮ ਤੋਂ ਪੱਕੀਆਂ ਨਹਿਰਾਂ ਬਣਾ ਕੇ ਇਹ ਪਾਣੀ ਪੰਜਾਬ ਤੋਂ ਬਾਹਰ ਭੇਜਿਆ ਜਾਂਦਾ। ਭਾਖੜਾ ਮੇਨ ਲਾਇਨ ਜੋ 1954 ਵਿੱਚ ਬਣੀ ਸੀ, ਇਸ ਰਾਹੀਂ ਦਿੱਲੀ, ਹਰਿਆਣਾ ਤੇ ਰਾਜਸਥਾਨ ਤਕ ਪਾਣੀ ਪਹੁੰਚਾਇਆ ਜਾਂਦਾ।

ਸਤਲੁਜ ਦੀ ਵਰਤੋਂ ਸਿਰਫ਼ ਹੜ੍ਹਾਂ ਲਈ ਹੀ ਕੀਤੀ ਜਾਂਦੀ, ਜਦੋਂ ਪੰਜਾਬ ਦੀਆਂ ਫ਼ਸਲਾਂ ਨੂੰ ਤਬਾਹ ਕਰਨਾ ਹੋਵੇ। ਵੈਸੇ ਬਹੁਤਾਂਤ ਇਹ ਸੁੱਕਿਆ ਹੀ ਰਹਿੰਦਾ ਜਾਂ ਨਾ-ਮਾਤਰ ਹੀ ਵਗਦਾ। ਦੂਜੇ ਪਾਸੇ 29 ਜਨਵਰੀ 1955 ਨੂੰ ਬਿਆਸ ਰਾਵੀ ਐਗਰੀਮੈਂਟ ਲਿਖਿਆ ਗਿਆ। ਇਸ ਐਗਰੀਮੈਂਟ ਰਾਹੀਂ ਰਾਵੀ ਦੇ ਪਾਣੀ ਨੂੰ ਮਾਧੋਪੁਰ ਹੈੱਡਵਰਕਸ ਕੋਲ਼ੋਂ ਰਾਵੀ-ਬਿਆਸ ਲਿੰਕ ਨਹਿਰ ਪੁੱਟੀ ਗਈ। ਜਿਸ ਰਾਹੀਂ ਰਾਵੀ ਦਰਿਆ ਦੇ ਪਾਣੀ ਨੂੰ ਬਿਆਸ ਤਕ ਪਹੁੰਚਾਇਆ ਗਿਆ ਤੇ ਦੂਜੇ ਪਾਸੇ ਹਰੀਕੇ ਪੱਤਣ ਜਿੱਥੇ ਬਿਆਸ ਤੇ ਸਤਲੁਜ ਦਾ ਮੇਲ ਹੁੰਦਾ ਓਥੇ ਨਵਾਂ ਹੈੱਡਵਰਕਸ ਬਣਾ ਦਿੱਤਾ ਗਿਆ। ਜਿੱਥੇ ਰਾਵੀ, ਬਿਆਸ ਤੇ ਸਤਲੁਜ ਦਾ ਬਚਦਾ ਪਾਣੀ ਰੋਕਿਆ ਜਾਂਦਾ ਹੈ। ਜਿਸ ਦੇ ਫ਼ਲਸਰੂਪ ਫ਼ਿਰੋਜ਼ਪੁਰ ਹੈੱਡਵਰਕਸ ਜਿੱਥੋਂ ਚੜ੍ਹਦੇ ਤੇ ਲਹਿੰਦੇ ਪੰਜਾਬ ਦੀ ਸਿੰਚਾਈ ਲਈ ਨਹਿਰਾਂ ਨਿਕਲਦੀਆਂ ਸਨ, ਉਸ ਵਿੱਚ ਨਾ-ਮਾਤਰ ਹੀ ਪਾਣੀ ਬਚਿਆ। ਤੇ ਹਰੀਕੇ ਤੋਂ ਫਿਰ ਹੋਰ ਦੋ ਪੱਕੀਆਂ ਨਹਿਰਾਂ ਰਾਜਸਥਾਨ ਲਈ ਕੱਢ ਦਿੱਤੀਆਂ।

ਸੰਨ 2000 ਦੇ ਲਗਭਗ ਮੇਰੇ ਪਿਤਾ ਜੀ ਦੀ

ਡਿਊਟੀ ਫ਼ਿਰੋਜ਼ਪੁਰ ਸੀ ਤੇ ਅਸੀਂ ਜਦੋਂ ਬੱਸ 'ਤੇ ਜਾਣਾ ਤਾਂ ਜਦੋਂ ਬੱਸ ਨੇ ਇਹਨਾਂ ਨਹਿਰਾਂ ਨੂੰ ਪਾਰ ਕਰਨ ਲੱਗਣਾ, ਮੇਰੇ ਭੈਣ ਜੀ ਨੇ ਵਾਹਿਗੁਰੂ-ਵਾਹਿਗੁਰੂ ਕਰਨ ਲੱਗ ਜਾਇਆ ਕਰਨਾ। ਇਹ ਨਹਿਰਾਂ ਘੱਟ ਤੇ ਦਰਿਆ ਬਹੁਤੇ ਪ੍ਰਤੀਤ ਹੁੰਦੇ ਸਨ। ਜਦੋਂ ਬੱਸ ਨੇ ਦੋਵੇਂ ਨਹਿਰਾਂ ਪਾਰ ਕਰ ਲੈਣੀਆਂ ਤਾਂ ਜਾ ਕੇ ਉਸ ਨੇ ਆਪਣਾ ਮੂੰਹ ਉੱਪਰ ਕਰਨਾ, ਉਹ ਐਨਾ ਡਰ ਜਾਇਆ ਕਰਦੀ ਸੀ। ਜਿਸ ਹਿਸਾਬ ਨਾਲ਼ ਮੈਂ ਵੇਖਿਆ ਹੁਣ ਵੀ ਜਦੋਂ ਪੰਜਾਬ ਆਈਏ ਤਾਂ ਇਸ ਪਾਸੇ ਨੂੰ ਜਾਣ ਦਾ ਮੌਕਾ ਮਿਲ ਹੀ ਜਾਂਦਾ; ਅਜੇ ਵੀ ਇਹ ਨਹਿਰਾਂ ਓਸੇ ਤਰ੍ਹਾਂ ਹੀ ਵਹਿੰਦੀਆਂ ਨੇ। ਇਹ ਇੱਕ ਨਹਿਰ ਬੀਕਾਨੇਰ ਫੀਡਰ ਨੂੰ ਸਪਲਾਈ ਦੇਣ ਲਈ 1953 ਵਿੱਚ ਤੇ ਦੂਸਰੀ ਇੰਦਰਾ ਗਾਂਧੀ ਨਹਿਰ (ਰਾਜਸਥਾਨ ਫੀਡਰ) 1961 ਵਿੱਚ ਕੱਢੀ ਗਈ, ਜੋ ਕਿ ਜੈਸਲਮੇਰ ਤਕ ਪੰਜਾਬ ਦਾ ਪਾਣੀ ਲੈ ਕੇ ਜਾਂਦੀ ਹੈ।

ਇਹਨਾਂ ਨਹਿਰਾਂ ਦੀ ਮੁਰੰਮਤ ਕਰਨ ਲਈ ਇਸ ਵਾਰ ਖ਼ਰਚਾ ਵੀ ਭਗਵੰਤ ਮਾਨ ਦੀ ਸਰਕਾਰ ਨੇ ਪੰਜਾਬ ਦੇ ਖ਼ਜ਼ਾਨੇ ਵਿੱਚੋਂ ਹੀ ਲਾਇਆ। ਜਦੋਂ ਕੁੱਤੀ ਹੀ ਚੋਰਾਂ ਨਾਲ਼ ਰਲ਼ ਜਾਏ ਤਾਂ ਫਿਰ ਰਖਵਾਲੀ ਕੌਣ ਕਰੇਗਾ?

ਮਾਹਿਰ ਦੱਸਦੇ ਹਨ ਕਿ ਜਦੋਂ ਭਾਰਤ ਸਰਕਾਰ ਨੇ ਇਹਨਾਂ ਦੋਹਾਂ ਨਹਿਰਾਂ ਨੂੰ ਕੱਢਣ ਲਈ ਤੇ ਥਾਰ ਮਾਰੂਥਲ ਦੀ ਸਿੰਚਾਈ ਲਈ ਇਸ ਪ੍ਰਾਜੈਕਟ ਲਈ ਵਰਲਡ ਬੈਂਕ ਕੋਲ਼ੋਂ ਪੈਸੇ ਮੰਗੇ ਤਾਂ ਵਰਲ਼ਡ ਬੈਂਕ ਨੇ ਇਸ ਪ੍ਰਜੈਕਟ ਨੂੰ Dubious and economically unjustifiable (ਸ਼ੱਕੀ ਤੇ ਆਰਥਿਕ ਪੱਖੋਂ ਨਜਾਇਜ਼) ਪ੍ਰਾਜੈਕਟ ਕਹਿ ਕਿ ਰੱਦ ਕਰ ਦਿੱਤਾ ਸੀ। ਵਰਲਡ ਬੈਂਕ ਨੇ ਕਿਹਾ ਇਹ ਪਾਣੀਆਂ ਦੀ ਵੰਡ ਤਾਂ ਪੰਜਾਬ ਦੀ ਬਰਬਾਦੀ ਹੈ। ਪਰ ਸਰਕਾਰ ਨੇ ਉਸ ਦੇ ਬਾਵਜੂਦ ਵੀ ਨਹਿਰਾਂ ਕੱਢ ਦਿੱਤੀਆਂ ਕਿਉਂਕਿ ਸ਼ਾਇਦ ਮਨਸ਼ਾ ਪੰਜਾਬ ਦੀ ਬਰਬਾਦੀ ਸੀ। ਇਹ ਨਹਿਰ 7.6 ਮੀਲੀਅਨ ਫੁੱਟ ਪਾਣੀ ਲੈ ਕੇ ਜਾ ਰਹੀ ਹੈ। ਹਾਲਾਂਕਿ ਨਹਿਰੂ ਟੋਲੇ ਨੇ ਸਿੱਖਾਂ ਦੇ ਨਾਲ਼-ਨਾਲ਼ ਪੂਰੇ ਭਾਰਤ ਨਾਲ਼ ਵਾਅਦਾ ਕੀਤਾ ਸੀ ਕਿ ਜਦੋਂ ਅੰਗਰੇਜ਼ ਚਲੇ ਜਾਣਗੇ; ਬੋਲੀਆਂ, ਸੱਭਿਆਚਾਰਾਂ ਤੇ ਭੂਗੋਲ ਦੇ ਅਧਾਰ 'ਤੇ ਸੂਬਿਆਂ ਦੀ ਵੰਡ ਕੀਤੀ ਜਾਵੇਗੀ। ਬਾਕੀ ਕਈ ਸਟੇਟਾਂ ਦੀਆਂ ਮੰਗਾਂ ਤਾਂ ਮੰਨ ਲਈਆਂ ਪਰ ਪੰਜਾਬ ਵਿੱਚ 'ਪੰਜਾਬੀ ਸੂਬਾ ਜ਼ਿੰਦਾਬਾਦ' ਕਹਿਣ 'ਤੇ ਵੀ ਬੈਨ ਲਾ ਦਿੱਤਾ ਗਿਆ। ਜਿਸ ਤਰ੍ਹਾਂ ਅੱਜ 'ਖ਼ਾਲਿਸਤਾਨ' ਕਹਿਣ 'ਤੇ ਲਾਇਆ ਹੋਇਆ ਹੈ।

'ਟਾਇਮ' ਮੈਗਜ਼ੀਨ ਵਿੱਚ ਨਹਿਰੂ ਨੇ ਸਟੇਟਮੈਂਟ ਵੀ ਦਿੱਤੀ ਕਿ ਮੈਨੂੰ ਲੋੜ ਪਈ ਤਾਂ ਮੈਂ ਸਿਵਲ ਵਾਰ ਤਾਂ ਜਰ ਲਵਾਂਗਾ ਪਰ ਪੰਜਾਬੀ ਸੂਬਾ ਕਦੇ ਨਹੀਂ ਬਣਨ ਦੇਣਾ ਤਾਂ ਹੀ ਸ਼ਾਇਦ ਉਸ ਦੇ ਮਰਨ ਤੋਂ ਬਾਅਦ ਹੀ ਪੰਜਾਬੀ ਸੂਬਾ ਬਣਿਆ ਤਾਂ ਉਹ ਵੀ ਲੰਗੜਾ-ਲੂਲ਼ਾ। ਤੇ ਨਾਲ਼ ਹੀ ਆਰਟੀਕਲ Punjab Reorganisation Act (ਪੰਜਾਬ ਪੁਨਰਗਠਨ ਐਕਟ) ਦੇ ਤਹਿਤ ਪੰਜਾਬ ਦੇ ਪਾਣੀਆਂ 'ਤੇ ਕਬਜਾ ਵੀ ਕੇਂਦਰ ਨੇ ਕਰ ਲਿਆ। ਇਸ ਆਰਟੀਕਲ ਤਹਿਤ (The distribution of Punjab Water) ਪੰਜਾਬ ਦਾ ਪਾਣੀ ਪੰਜਾਬ ਦੇ ਅਧਿਕਾਰ ਖੇਤਰ ਤੋਂ ਕੱਢ ਕੇ ਸੈਂਟਰ ਦੇ ਕਬਜ਼ੇ ਵਿੱਚ ਲੈ ਲਿਆ। (Development of Rivers) ਇਹ ਵੀ ਕੇਂਦਰ ਨੇ ਆਪਣੇ ਕਬਜ਼ੇ ਵਿੱਚ ਲੈ ਲਿਆ। ਤੇ ਹਾਸੋਹੀਣੀ ਗੱਲ ਇਹ ਹੈ ਕਿ ਜਿੰਨੇ ਵੀ ਸੂਬੇ ਬਣੇ ਕਿਸੇ ਵਿੱਚ ਵੀ ਇਹੋ ਜਿਹੇ clauses (ਮੱਦਾਂ) ਨਹੀਂ ਜੋੜੀਆਂ। ਸਿਰਫ਼ ਪੰਜਾਬ, ਹਰਿਆਣਾ ਤੇ ਹਿਮਾਚਲ ਪ੍ਰਦੇਸ਼ ਜੋ ਕਿ ਪਹਿਲਾਂ ਇੱਕ ਪੰਜਾਬ ਹੀ ਸੀ, ਉਸ ਦੇ ਟੋਟੇ ਕਰ ਕੇ ਉਸ ਵਿੱਚ ਹੀ ਜੋੜੀਆਂ। ਇਹਨਾਂ ਨਾਲ਼ ਇਹ ਹੋਇਆ ਕਿ ਪੰਜਾਬ ਕੇਂਦਰ ਸਰਕਾਰ ਦੀ ਮਨਜੂਰੀ ਤੋਂ ਬਗੈਰ ਇੱਕ ਸੂਆ ਵੀ ਨਹੀਂ ਪੁੱਟ ਸਕਦਾ।

ਮਾਹਿਰ ਇਹ ਵੀ ਮੰਨਦੇ ਹਨ ਕਿ ਪੰਜਾਬ ਨਾਲ਼ ਭਾਰਤ ਦੇ ਸੰਵਿਧਾਨ ਦੇ ਹਿਸਾਬ ਨਾਲ਼ ਵੀ ਧੱਕਾ ਕੀਤਾ ਗਿਆ। ਭਾਰਤੀ ਸੰਵਿਧਾਨ ਵੀ ਪੰਜਾਬ ਦੇ ਪਾਣੀਆਂ 'ਤੇ ਅਪਲਾਈ ਨਹੀਂ ਕੀਤਾ ਗਿਆ। ਰਾਈਪੇਰੀਅਨ ਕਨੂੰਨ ਦੀ ਗੱਲ ਹੀ ਬਹੁਤ ਦੂਰ ਦੀ ਹੈ। ਪੰਜਾਬ ਦੇ ਕੁੱਲ ਪਾਣੀਆਂ ਦਾ 75 ਪ੍ਰਤੀਸ਼ਤ ਤੋਂ ਵੀ ਵੱਧ ਹਿੱਸਾ ਕੇਂਦਰ ਨੇ ਧੱਕੇ ਨਾਲ਼ ਬਾਕੀ ਸੂਬਿਆਂ ਨੂੰ ਦਿੱਤਾ। ਪੰਜਾਬ ਦਾ ਕੁੱਲ ਪਾਣੀ 17.17 ਮੀਲੀਅਨ ਏਕੜ ਫੁੱਟ (750 ਬਿਲੀਅਨ ਕਿਊਸਿਕ ਫੁੱਟ) ਵਿੱਚੋਂ ਪੰਜਾਬ ਸਿਰਫ਼



THE TRIBUNE

P.M. RULES OUT FRESH LOOK AT WATERS' ACCORD

Charan Singh suspends Arya, Devi Lal, Patnaik

1 killed, 30 hurt in road mishap

"Disobedience" stir begins

ਇੰਦਰਾ ਗਾਂਧੀ ਵੱਲੋਂ 8 ਅਪ੍ਰੈਲ 1982 ਨੂੰ ਕਪੂਰੀ ਵਿਖੇ ਸਤਲੁਜ-ਯਮੁਨਾ ਲਿੰਕ ਨਹਿਰ ਦੇ ਉਦਘਾਟਨ ਦੀ ਇੱਕ ਖ਼ਬਰ

4.22 ਮੀਲੀਅਨ ਏਕੜ ਫੁੱਟ (180 ਬਿਲੀਅਨ ਕਿਊਸਿਕ ਫੁੱਟ) ਪਾਣੀ ਹੀ ਵਰਤਦਾ ਹੈ। ਰਾਜਸਥਾਨ ਨੂੰ ਸਭ ਤੋਂ ਵੱਡਾ ਹਿੱਸਾ 8.60 ਮੀਲੀਅਨ ਏਕੜ, ਹਰਿਆਣਾ 3.50 ਮੀਲੀਅਨ ਏਕੜ, ਜੰਮੂ ਕਸ਼ਮੀਰ 0.65 ਮੀਲੀਅਨ ਏਕੜ ਅਤੇ ਦਿੱਲੀ 0.20 ਮੀਲੀਅਨ ਏਕੜ ਪਾਣੀ ਲੈ ਕੇ ਜਾਂਦੇ ਹਨ ਜਾਂ ਕੇਂਦਰ ਵੱਲੋਂ ਧੱਕੇ ਨਾਲ਼ ਦਿੱਤਾ ਜਾਂਦਾ ਹੈ। ਇਸ ਵਿੱਚ ਪੰਜਾਬ ਦੀ ਕੋਈ ਵੀ ਸਹਿਮਤੀ ਨਹੀਂ ਸੀ। ਇੰਦਰਾ ਗਾਂਧੀ ਵੱਲੋਂ ਤਾਨਾਸ਼ਾਹ ਹੁਕਮ ਸੀ।

24 ਮਾਰਚ 1976 ਨੂੰ ਗਿਆਨੀ ਜੈਲ ਸਿੰਘ ਜੋ ਕਿ ਇੰਦਰਾ ਗਾਂਧੀ ਦਾ ਗ਼ੁਲਾਮ ਰਾਸ਼ਟਰਪਤੀ ਸੀ, ਨੇ ਇੰਦਰਾ ਦੇ ਹੁਕਮ ਅੱਗੇ ਸਿਰ ਝੁਕਾ ਕੇ ਪੰਜਾਬ ਦਾ 75 ਫ਼ੀਸਦੀ ਪਾਣੀ ਪੰਜਾਬ ਕੋਲ਼ੋਂ ਖੁਹਾ ਦਿੱਤਾ। ਹੁਣ ਇੱਥੇ ਦੂਜੀ ਗੱਲ ਇਹ ਹੋਈ ਕਿ ਪੰਜਾਬ ਦੇ ਬੁੱਧੀਜੀਵੀ ਵਰਗ ਨੂੰ ਵੱਖਵਾਦੀ, ਅੱਤਵਾਦੀ ਕਹਿ ਕੇ ਪ੍ਰਚਾਰ ਦਿੱਤਾ ਤੇ ਬਾਕੀ ਦੇ ਕਿਸਾਨਾਂ ਨੂੰ ਸੁੱਖ ਸਹੂਲਤਾਂ ਦੇ ਨਾਂ 'ਤੇ ਮੋਟਰਾਂ ਪੱਲੇ ਪਾ ਦਿੱਤੀਆਂ। ਪੰਜਾਬ ਦਾ ਕਿਸਾਨ ਆਪਣੀ ਫ਼ਸਲ ਬੀਜਣ ਲਈ ਪਾਣੀ ਧਰਤੀ ਥੱਲਿਓਂ ਕੱਢਣ ਲੱਗਾ। ਜਿਸ ਲਈ ਹੁਣ ਉਸ ਨੂੰ ਬਿਜਲੀ, ਡੀਜ਼ਲ, ਕੋਲਾ ਆਦਿ ਵੀ ਪੈਸੇ ਦੇ ਕੇ ਲੈਣਾ ਪੈਂਦਾ ਸੀ। ਪਰ ਉਹ ਭੋਲ਼ੇ ਲੋਕ ਇਸ ਚੀਜ ਨੂੰ ਸਮਝ ਨਾ ਸਕੇ ਤੇ ਖਾਲ ਖਾਲ਼ਣ ਤੋਂ ਬਚਣ ਲਈ ਸਿਰਫ਼ 1 ਬਟਨ ਨਾਲ਼ ਪਾਣੀ ਨਿਕਲ਼ ਆਉਣ ਦੇ ਚਾਅ 'ਚ ਹੀ ਉਹਨਾਂ ਨੇ ਕਰਜ਼ੇ ਚੁੱਕ-ਚੁੱਕ ਮੋਟਰਾਂ ਲਵਾ ਲਈਆਂ। ਜੋ ਕਿ ਹਰ 4-5 ਸਾਲ ਦੇ ਬਾਅਦ ਕਦੀਂ ਖੂਹੀ ਵਾਲ਼ੀ ਮੋਟਰ, ਕਦੀਂ ਡੀਜ਼ਲ ਦੀ ਥਾਂ ਬਿਜਲੀ ਵਾਲ਼ੀ, ਕਦੇ ਸਬਮਰਸੀਬਲ ਆਦਿਕ ਦੇ ਚੱਕਰ ਵਿੱਚ ਹੀ ਫਸ ਕੇ ਰਹਿ ਗਏ। ਜਦੋਂ ਕਦੇ ਵਿਰੋਧ ਹੋਣ ਦਾ ਖ਼ਦਸ਼ਾ ਹੋਣਾ ਤਾਂ ਖੇਤਾਂ ਵਾਲ਼ੀ ਬਿਜਲੀ ਫ਼ਰੀ ਕਰ ਕੇ ਸ਼ਾਂਤ ਕਰ ਲਿਆ ਜਾਣਾ। ਤੇ ਕਿਸਾਨ ਨੇ ਚੁੱਪਚਾਪ ਬੀਬੇ ਪੁੱਤ ਵਾਂਗ ਆਪਣਾ ਪਾਣੀ ਲੁਟਾ ਲਿਆ।

ਅੱਜ ਪੰਜਾਬ ਨੂੰ 69 ਮੀਲੀਅਨ ਏਕੜ ਪਾਣੀ ਦੀ ਜ਼ਰੂਰਤ ਹੈ। ਜਿਸ ਵਿੱਚ 54 ਮੀਲੀਅਨ ਏਕੜ ਸਿੰਚਾਈ ਲਈ, 10 ਮੀਲੀਅਨ ਫੁੱਟ ਸ਼ਹਿਰੀ ਅਬਾਦੀ ਦੀ ਜ਼ਰੂਰਤ ਲਈ ਤੇ 5 ਮੀਲੀਅਨ ਏਕੜ ਇੰਡਸਟਰੀ ਦੀਆਂ ਲੋੜਾਂ ਦੀ ਪੂਰਤੀ ਲਈ। 1 ਮੀਲੀਅਨ ਫੁੱਟ ਤੋਂ ਭਾਵ ਹੈ ਕਿ ਜੇ 10 ਲੱਖ ਕਿਲ੍ਹਿਆਂ ਵਿੱਚ 1 ਫੁੱਟ ਪਾਣੀ ਭਰਿਆ ਹੋਵੇ ਤੇ ਉਹ ਜਿੰਨਾ ਪਾਣੀ ਹੋਵੇਗਾ ਉਸ ਨੂੰ 1 ਮੀਲੀਅਨ ਫੁੱਟ ਕਿਹਾ ਜਾਂਦਾ। ਤੇ ਜੇ ਪੰਜਾਬ ਦੇ ਦਰਿਆਵਾਂ ਦੇ ਪਾਣੀ 'ਤੇ ਝਾਤ ਮਾਰੀਏ ਤਾਂ ਉਹ ਸਾਰਾ ਪਾਣੀ ਸਾਡੀ ਜ਼ਰੂਰਤ ਦਾ ਅੱਧ ਵੀ ਨਹੀਂ ਹੈ। ਕੇਂਦਰ ਨੇ ਪੰਜਾਬ ਦਾ 75% ਪਾਣੀ ਤਾਂ ਲੁਟਿਆ ਹੀ ਹੈ, ਨਾਲ਼ ਉਸ ਪਾਣੀ ਤੋਂ ਬਣਨ ਵਾਲ਼ੀ ਬਿਜਲੀ ਵੀ ਲੁੱਟ ਲਈ। ਜਿਸ ਦੇ ਫ਼ਲਸਰੂਪ ਪੰਜਾਬ ਵਿੱਚ ਬਿਜਲੀ ਮਹਿੰਗੀ ਹੋਣ ਦੇ ਕਰਕੇ ਉਦਯੋਗ ਤਬਾਹ ਹੋ ਗਿਆ। ਪੰਜਾਬ ਦੇ ਕਿਸਾਨ ਨੂੰ ਨਹਿਰੀ ਪਾਣੀ ਲੈਣ ਲਈ ਮਾਲੀਆ ਦੇਣਾ ਪੈਂਦਾ। ਤੇ ਜਿਹੜਾ ਪੰਜਾਬ ਦਾ ਪਾਣੀ ਬਾਕੀ ਸੂਬੇ ਲੈ ਰਹੇ, ਉਹ ਪੰਜਾਬ ਨੂੰ ਇੱਕ ਆਨਾ ਨਹੀਂ ਦਿੰਦੇ।


ਹੁਣ ਜਿਹੜੇ ਕਹਿੰਦੇ ਸੀ ਕਿ ਅਨੰਦਪੁਰ ਦਾ ਮਤਾ ਤੇ ਉਸ ਵਿੱਚ ਲਿਖੀਆਂ ਗੱਲਾਂ ਗਲਤ ਹਨ, ਉਹ ਆਪ ਹੀ ਸਮੀਖਿਆ ਕਰ ਕੇ ਵੇਖ ਲੈਣ ਕਿ ਉਹ ਮੰਗਾਂ ਇਕੱਲੇ ਸਿੱਖਾਂ ਦੀਆਂ ਸਨ? ਅੱਜ ਪੰਜਾਬ ਵਿੱਚ ਕਰੀਬ 20 ਲੱਖ ਤੋਂ ਵੀ ਜ਼ਿਆਦਾ ਟਿਊਬਵੈੱਲ ਹਨ। ਜਿਨ੍ਹਾਂ ਨੂੰ ਚਲਾਉਣ ਲਈ ਕਰੀਬ ਹਰੇਕ ਸਾਲ ਪੰਜਾਬ 20 ਹਜ਼ਾਰ ਕਰੋੜ ਰੁਪਏ ਦੀ ਬਿਜਲੀ ਦੀ ਖ਼ਰੀਦ ਕਰਦਾ। ਧਰਤੀ ਹੇਠਾਂ ਨਿਰਮਲ ਪਾਣੀ ਦੇ ਸੋਮੇ ਹਰੇਕ tectonic plate ਹੇਠਾਂ ਨਹੀਂ ਹਨ। ਇਹ ਤਾਂ ਪੰਜਾਬ ਨੂੰ ਅਕਾਲ ਪੁਰਖ ਵੱਲੋਂ ਅਨਮੁੱਲਾ ਤੋਹਫ਼ਾ ਦਿੱਤਾ ਗਿਆ ਤੇ ਇਹ ਪਾਣੀ ਕਈ ਹਜ਼ਾਰਾਂ ਸਾਲਾਂ ਦਾ ਸਫ਼ਰ ਤਹਿ ਕਰ ਕੇ ਇੱਥੇ ਜਮਾ ਹੋਇਆ ਹੈ।

ਪਹਿਲੀ ਪਰਤ ਪਾਣੀ ਦੀ ਉਪਰਲੀ ਤਹਿ (unconfined aquifer) ਨੂੰ ਭਰਨ ਲਈ ਦਹਾਕੇ ਲੱਗ ਜਾਂਦੇ ਹਨ। ਜੋ ਪੰਜਾਬ ਵਿੱਚ ਤਕਰੀਬਨ ਖ਼ਤਮ ਹੋ ਗਈ ਹੈ। ਉਸ ਤੋਂ ਬਾਅਦ ਪਾਂਡੂ (Hard clay

continuous impermeable layer) ਦੇ ਕਈ ਫੁੱਟ ਥੱਲੇ ਜਾ ਕੇ ਪਾਣੀ ਦੀ ਹੇਠਲੀ ਤਹਿ (Confined aquifer) ਜੋਂ ਕਿ ਸਦੀਆਂ ਵਿੱਚ ਜਾ ਕੇ ਭਰਦੀ ਹੈ। ਉਸ ਤੋਂ ਹੇਠ Rock/Hard clay (continuous impermeable layer) ਦੇ ਕਈ ਫੁੱਟ ਥੱਲੇ ਪਾਣੀ ਦੀ ਹੇਠਲੀ ਤਹਿ (Confined aquifer) ਜਿਹੜੀ ਭਰਨ ਨੂੰ ਯੁੱਗਾਂ ਦਾ ਸਮਾਂ ਲੱਗ ਜਾਂਦਾ ਤੇ ਇਸ ਤੋਂ ਹੇਠਾਂ ਫਿਰ (Bed Rock) ਜਿਸ ਤੋਂ ਅੱਗੇ ਪਾਣੀ ਦੀ ਬੂੰਦ ਵੀ ਨਹੀਂ ਹੁੰਦੀ। ਪਹਿਲਾਂ ਪੱਤਣ (Subsurface Water) ਜੋ 20-25 ਫੁੱਟ ਹੇਠ ਸੀ, ਜਿਹੜੀ ਪਰਤ ਅਸੀਂ ਕਰੀਬ ਦੋ ਦਹਾਕੇ ਪਹਿਲਾਂ ਮੁਕਾ ਚੁੱਕੇ ਹਾਂ। ਇਸ ਤਹਿ ਨੂੰ ਰੀਚਾਰਜ ਕੀਤਾ ਜਾ ਸਕਦਾ ਹੈ। ਇਹ ਪਾਣੀ ਦੀ ਸਹੀ ਵਰਤੋਂ ਕਰਨ ਤੇ ਮੌਸਮੀ ਮੀਂਹਾਂ ਨਾਲ਼ ਚਾਰਜ ਹੋ ਜਾਂਦਾ। ਹੁਣ ਜਿਹੜਾ ਪਾਣੀ ਇੱਥੇ ਚਾਰਜ ਹੁੰਦਾ ਹੈ। ਇਹ ਖ਼ਾਦਾਂ, ਫ਼ੈਕਟਰੀਆਂ ਦੇ ਕੈਮੀਕਲ ਆਦਿ ਨਾਲ਼ ਏਨਾ ਗੰਦਾ ਹੋ ਗਿਆ ਕਿ ਦੁਬਾਰਾ ਪੀਣ ਯੋਗ ਤਾਂ ਕੀ, ਕਿਸੇ ਯੋਗ ਵੀ ਨਹੀਂ ਰਿਹਾ। ਪੰਜਾਬ ਨੂੰ ਦਰਿਆਈ ਪਾਣੀ ਨਾ ਮਿਲ਼ਣ ਨਾਲ਼ ਸਭ ਤੋਂ ਵੱਡਾ ਨੁਕਸਾਨ ਇਹ ਹੋਇਆ ਕਿ ਜ਼ਹਿਰੀਲੀਆਂ ਦਵਾਈਆਂ ਤੇ ਪੈਸਟੀਸਾਈਡਜ਼ ਦੀ ਵਰਤੋਂ ਜ਼ਿਆਦਾ ਕਰਨੀ ਪਈ, ਜਿਸ ਕਾਰਨ ਐਨੀਆਂ ਭਿਆਨਕ ਬਿਮਾਰੀਆਂ ਨੇ ਪੰਜਾਬ ਦੇ ਲੋਕਾਂ ਨੂੰ ਘੇਰ ਲਿਆ। ਦਰਿਆਵਾਂ ਦੇ ਪਾਣੀ ਵਿੱਚ ਗਲ਼ੇ-ਸੜੇ ਪੇੜ-ਪੌਦੇ, ਮਰੇ ਜੀਵ-ਜੰਤੂ ਜੋ ਕਿ ਇੱਕ ਆਰਗੇਨਿਕ ਖ਼ਾਦ ਦਾ ਕੰਮ ਦਿੰਦੇ ਹਨ, ਉਸ ਦੇ ਨਾਲ਼ ਧਰਤੀ ਦੀ ਉਪਜਾਊ ਸ਼ਕਤੀ ਵੱਧ ਜਾਂਦੀ ਪਰ ਜਿਉਂ ਅਸੀਂ ਧਰਤੀ ਹੇਠਾਂ ਤੋਂ ਪਾਣੀ ਕੱਢਣ ਲੱਗ ਪਏ, ਧਰਤੀ ਦੀ ਉਪਜਾਊ ਸ਼ਕਤੀ ਘੱਟ ਗਈ ਤੇ ਉਪਜਾਊ ਸ਼ਕਤੀ ਵਧਾਉਣ ਲਈ ਬਾਹਰੀ ਕੈਮੀਕਲਾਂ ਦਾ ਪ੍ਰਯੋਗ ਕਰਨਾ ਪਿਆ ਤੇ ਪਾਣੀ ਦੀ ਦੂਜੀ ਤਹਿ ਜੋ ਕਿ hard clay (Continous impermeable layer) ਸਖ਼ਤ ਪੱਥਰਾਂ ਦੇ ਥੱਲੇ ਦੀ ਪਰਤ conifned aqiufer ਜੋ ਕਿ 60-70 ਫੁੱਟ ਦੇ ਹੇਠਾਂ ਹੁੰਦੀ ਹੈ। ਉਸ ਨੂੰ ਵੀ ਅਸੀਂ ਕਦੋਂ ਦੇ ਖ਼ਤਮ ਕਰ ਚੁੱਕੇ ਹਾਂ। ਇਸ ਪਰਤ ਨੂੰ ਧਰਤੀ ਉੱਪਰ ਦੇ ਪਾਣੀ ਜਿਵੇਂ ਕਿ ਮੀਂਹ ਦੇ ਪਾਣੀ ਨਾਲ਼ ਰਿਚਾਰਜ ਨਹੀਂ ਕੀਤਾ ਜਾ ਸਕਦਾ।

ਇਸ ਵੇਲ਼ੇ ਪੰਜਾਬ ਆਪਣੇ ਪੀਣ ਵਾਲ਼ੇ ਪਾਣੀ ਤੇ ਸਿੰਚਾਈ ਕਰਨ ਲਈ ਸਭ ਤੋਂ ਹੇਠਲੀ ਪਰਤ ਜੋ 200 ਫੁੱਟ ਤੋਂ ਹੇਠਾਂ 400-500 ਫੁੱਟ ਤਕ ਹੈ, ਉਸ 'ਤੇ ਨਿਰਭਰ ਹੈ। ਇਸ ਵਿੱਚ ਪਾਣੀ ਦੀ ਮਾਤਰਾ ਹੁਣ ਕੁਝ ਕੁ ਸਾਲ ਹੀ ਬਚੀ ਹੈ।

ਜਿਸ ਤਰ੍ਹਾਂ ਅਰਬ ਕੋਲ਼ ਤੇਲ 2050 ਤਕ ਹੀ ਹੈ, ਓਸੇ ਤਰ੍ਹਾਂ ਪੰਜਾਬ ਕੋਲ਼ ਧਰਤੀ ਹੇਠਲਾ ਪਾਣੀ ਹੋਰ 10-15 ਤੋਂ ਸਾਲ ਤੋਂ ਘੱਟ ਸਮੇਂ ਲਈ ਹੈ। 'ਨਾਸਾ' ਦੀ ਰਿਪੋਰਟ ਮੁਤਾਬਿਕ ਅੱਜ ਤੋਂ ਹੀ ਜੇ ਪੰਜਾਬ ਸਾਰਾ ਪਾਣੀ ਜਿਹੜਾ ਦੂਜੀਆਂ ਸਟੇਟਾਂ ਨੂੰ ਜਾ ਰਿਹਾ, ਵਰਤ ਕੇ ਵੀ ਖੇਤੀ ਤੇ ਹੋਰ ਜ਼ਰੂਰਤਾਂ ਪੂਰੀਆਂ ਕਰਨ ਲੱਗ ਜਾਵੇ ਤਾਂ ਵੀ ਅਸੀਂ deficiency ਸਟੇਟ (ਲੋੜਵੰਦ ਰਾਜ) ਦੇ ਤੌਰ 'ਤੇ ਹਾਂ। ਆਉਣ ਵਾਲ਼ੇ ਸਮੇਂ ਵਿੱਚ ਪੰਜਾਬ ਵਿੱਚ ਪੀਣ ਵਾਲ਼ਾ ਪਾਣੀ ਵੀ ਮੁੱਲ ਲੈਣਾ ਪੈਣਾ; ਕਈ ਹਾਲਤਾਂ ਵਿੱਚ



'ਗੰਗ ਕਨਾਲ' ਰਾਹੀਂ ਰਾਜਸਥਾਨ ਨੂੰ ਜਾਂਦਾ ਪੰਜਾਬ ਦਾ ਪਾਣੀ

ਤਾਂ ਇਹ ਨੌਬਤ ਅੱਜ ਹੀ ਆ ਗਈ ਹੈ।

ਮੇਰੇ ਮਾਤਾ ਜੀ ਕਈ ਵਰ੍ਹਿਆਂ ਤੋਂ ਬਿਮਾਰੀਆਂ ਨਾਲ਼ ਗ੍ਰਸਤ ਹਨ। ਅਸੀਂ ਵੱਡੇ ਤੋਂ ਵੱਡੇ ਹਸਪਤਾਲ ਇਲਾਜ ਕਰਵਾਇਆ ਪਰ ਕੁਝ ਸਮਾਂ ਪਾ ਕੇ ਫਿਰ ਓਹੀ ਹਾਲ ਹੋ ਜਾਣਾ, ਅਖ਼ੀਰ ਮੈਂ ਫ਼ੈਸਲਾ ਕੀਤਾ ਕਿ ਮਾਤਾ ਜੀ ਦੇ ਸਰੀਰ ਦੇ ਹਰੇਕ ਹਿੱਸੇ ਦਾ ਅੰਦਰੂਨੀ ਚੈੱਕਅਪ ਕਰਵਾਇਆ ਜਾਵੇ। ਸਾਰੀਆਂ ਵੱਡੀਆਂ ਰਿਪੋਰਟਾਂ ਐੱਮ.ਆਰ.ਆਈ. ਤੋਂ ਲੈ ਕੇ ਜੋ ਵੀ ਡਾਕਟਰਾਂ ਵੱਲੋਂ ਸੁਝਾਇਆ ਗਿਆ, ਅਸੀਂ ਕਰਵਾ ਲਈਆਂ। ਫਿਰ ਸ਼ੁਕਰ ਕੀਤਾ ਕਿ ਕਿਸੇ ਰਿਪੋਰਟ ਵਿੱਚ ਕੋਈ ਭਿਆਨਕ ਬਿਮਾਰੀ ਨਾ ਆਈ ਪਰ ਫਿਰ ਵੀ ਮਾਤਾ ਜੀ ਕੁਝ ਮਹੀਨਿਆਂ ਬਾਅਦ ਓਸੇ ਤਰ੍ਹਾਂ ਹੀ ਬਿਮਾਰ ਹੋ ਕੇ ਹਸਪਤਾਲ ਚਲੇ ਜਾਇਆ ਕਰਨ। ਕਦੇ ਸ਼ੂਗਰ ਘਟ ਗਈ, ਕਦੇ ਵਧ ਗਈ, ਕਦੇ ਸੋਡੀਅਮ ਕਦੇ ਪੋਟਾਸ਼ੀਅਮ ਘੱਟ; ਹਰੇਕ ਵਾਰ ਨਵੀਂ ਬਿਮਾਰੀ ਤੇ ਅਖ਼ੀਰ ਅਸੀਂ ਇੱਕ ਤੱਤ ਕੱਢਿਆ ਕਿ ਜਦੋਂ ਮਾਤਾ ਜੀ ਸਾਡੇ ਕੋਲ਼ ਜਰਮਨੀ 6 ਮਹੀਨੇ ਰਹੇ, ਓਦੋਂ ਉਹ ਕਦੇ ਬਿਮਾਰ ਨਹੀਂ ਹੋਏ, ਪੰਜਾਬ ਜਾਂਦੇ ਹੀ ਫਿਰ ਬਿਮਾਰ ਹੋ ਗਏ ਤਾਂ ਅਸੀਂ ਉਹਨਾਂ ਦਾ ਖਾਣਾ-ਪੀਣਾ ਵਾਚਿਆ ਤਾਂ ਪਤਾ ਲੱਗਾ ਕਿ ਖਾਣਾ ਤਾਂ ਪੰਜਾਬ ਵਾਲ਼ਾ ਹੀ ਸੀ ਪਰ ਪਾਣੀ ਦਾ ਫ਼ਰਕ ਸੀ। ਅਖ਼ੀਰ ਅਸੀਂ ਓਹੀ ਪਾਣੀ ਜੋ ਉਹ ਇੱਥੇ ਪੀਂਦੇ ਰਹੇ, ਉਹਨਾਂ ਨੂੰ ਪੰਜਾਬ ਭੇਜਿਆ। ਇੱਕ ਲੀਟਰ ਦੀ ਬੋਤਲ 200 ਰੁਪਏ 'ਚ ਪਈ। 2 ਕੁ ਮਹੀਨੇ ਜਦੋਂ ਉਹਨਾਂ ਨੇ ਉਹ ਪਾਣੀ ਪੀਤਾ ਤਾਂ ਜਿਹੜੀ ਸੋਡੀਅਮ, ਪੋਟਾਸ਼ੀਅਮ ਘਟਣ ਦੀ ਸਮੱਸਿਆ ਜ਼ਿਆਦਾਤਰ ਆਉਂਦੀ ਸੀ, ਉਹ ਹਟ ਗਈ। ਓਦੋਂ ਤੋਂ ਮਾਤਾ ਜੀ ਇਹੀ ਪਾਣੀ ਪੀ ਰਹੇ ਹਨ। ਤੇ ਅਕਤੂਬਰ 2022 ਤੋਂ ਬਾਅਦ ਅੱਜ ਮਈ 2024 ਤਕ ਵਾਹਿਗੁਰੂ ਦੀ ਕ੍ਰਿਪਾ ਸਦਕਾ ਉਹਨਾਂ ਨੇ ਹਸਪਤਾਲ ਦਾ ਰਾਹ ਨਹੀਂ ਵੇਖਿਆ। ਇਹ ਤਾਂ ਅਕਾਲ ਪੁਰਖ ਦੀ ਬਖ਼ਸ਼ਿਸ਼ ਸੀ ਕਿ ਆਰਥਿਕ ਪੱਖ ਸਹੀ ਹੋਣ ਕਾਰਨ, ਅਸੀਂ ਉਹ ਪਾਣੀ ਅਜੇ ਤਕ ਖ਼ਰੀਦ ਪਾ ਰਹੇ ਹਾਂ, ਜੇ ਇਹੀ ਪੰਜਾਬ ਦੇ ਦਿਹਾੜੀ ਮਜਦੂਰ ਨੇ ਖ਼ਰੀਦਣਾ ਹੋਵੇ ਤਾਂ?

ਅਸਲ ਵਿੱਚ ਜਿਹੜੀ 'ਹਰੀ ਕ੍ਰਾਂਤੀ' ਦੀਆਂ ਸਿਫ਼ਤਾਂ ਦੇ ਪੁਲ਼ 1990 ਤੋਂ ਲੈ ਕੇ ਹੁਣ ਤਕ ਸਕੂਲਾਂ ਦੀਆਂ ਕਿਤਾਬਾਂ ਵਿੱਚ ਬੰਨੇ ਗਏ, ਪੰਜਾਬ ਦੀ ਤਬਾਹੀ ਦਾ ਕਾਰਨ ਵੀ ਓਹੀ ਸੀ। 'ਪੰਜਾਬ ਐਗਰੀਕਲਚਰ ਯੂਨੀਵਰਸਿਟੀ' ਦੇ ਇੱਕ ਸਾਇੰਸਦਾਨ ਨੂੰ ਜਦੋਂ ਪੁੱਛਿਆ ਗਿਆ ਕਿ ਹਰੀ ਕ੍ਰਾਂਤੀ ਨਾਲ਼ ਪੰਜਾਬ ਦੀ ਜ਼ਮੀਨ ਬੰਜਰ ਹੋ ਰਹੀ ਹੈ, ਪੰਜਾਬ ਦੇ ਲੋਕ ਬਿਮਾਰੀਆਂ ਦੇ ਘੇਰੇ ਵਿੱਚ ਆ ਰਹੇ ਹਨ ਤਾਂ ਉਸ ਦਾ ਜਵਾਬ ਇੱਕ ਬਹੁਤ ਹੀ ਗੈਰ ਜਿੰਮੇਦਾਰਾਨਾ ਸੀ। ਕਹਿੰਦਾ ਫਿਰ ਕੀ ਹੋਇਆ ਜੇ ਓਸ ਵੇਲ਼ੇ ਭੁੱਖ ਨਾਲ਼ ਮੌਤਾਂ ਹੁੰਦੀਆਂ ਓਹਦੇ ਨਾਲ਼ੋਂ ਤਾਂ ਬਿਹਤਰ ਹੈ, ਅੱਜ ਬਿਮਾਰੀਆਂ ਨਾਲ਼ ਕੁਝ ਕੁ ਲੋਕ ਮਰ ਜਾਣ। ਉਸ ਵਕਤ ਪੰਜਾਬ ਨੂੰ ਇੱਕ experiment land (ਪ੍ਰਯੋਗਸ਼ਾਲਾ) ਵਜੋਂ ਵਰਤਿਆ ਗਿਆ। ਜਿਸ ਤਰ੍ਹਾਂ ਚੂਹਿਆਂ ਨੂੰ ਪ੍ਰਯੋਗਸ਼ਾਲਾ ਵਿੱਚ ਕੱਟ-ਵੱਢ ਕੇ ਉਹਨਾਂ 'ਤੇ ਤਜ਼ਰਬੇ ਕੀਤੇ ਜਾਂਦੇ, ਓਸੇ ਤਰ੍ਹਾਂ ਪੰਜਾਬ ਦੀ ਧਰਤੀ ਨਾਲ਼ ਕੀਤਾ ਗਿਆ। ਜਿਸ ਨੂੰ 'ਹਰੀ ਕ੍ਰਾਂਤੀ' (green revolution) ਦਾ ਨਾਂ ਦਿੱਤਾ ਗਿਆ, ਉਹ ਪੰਜਾਬ ਦੀ 'ਵਿਤੀ ਨਸਲਕੁਸ਼ੀ' (economic genocide) ਸੀ।

ਇੱਕ ਕਿਊਸਿਕ ਪਾਣੀ ਦੇ ਵਹਾਅ ਦੀ ਤਕਰੀਬਨ ਕੀਮਤ ਇੱਕ ਸਾਲ ਦੀ ਸਵਾ ਕਰੋੜ ਦੇ ਲਗਭਗ ਹੈ। ਰਾਈਪੇਰੀਅਨ ਕਨੂੰਨ ਦੇ ਹਿਸਾਬ ਨਾਲ਼ ਪੰਜਾਬ ਦੇ ਬਾਹਰ ਜਾਣ ਵਾਲ਼ੇ ਪਾਣੀ ਦੀ ਕੀਮਤ 22 ਹਜ਼ਾਰ ਕਰੋੜ (22 ਬਿਲੀਅਨ) ਰੁਪਏ ਸਲਾਨਾ ਬਣਦੀ ਹੈ। ਪੰਜਾਬ ਦਾ 75% ਪਾਣੀ ਤਾਂ ਪਹਿਲਾਂ ਹੀ ਕੇਂਦਰ ਪੰਜਾਬ ਤੋਂ ਬਾਹਰ ਲੈ ਗਿਆ। ਰਹਿੰਦਾ ਪਾਣੀ ਵੀ ਉਹਨਾਂ ਆਪਣੇ ਆਪ ਨਹੀਂ ਛੱਡਿਆ, ਇਸ ਲਈ ਵੀ 31 ਅਕਤੂਬਰ 1981 ਨੂੰ ਸਤਲੁਜ-ਜਮਨਾ ਲਿੰਕ (SYL Canal) ਦਾ ਨਿਰਮਾਣ ਦੀਆਂ ਤਿਆਰੀਆਂ ਸ਼ੁਰੂ ਹੋ ਗਈਆਂ ਭਾਵ ਰਾਜਸਥਾਨ, ਹਰਿਆਣਾ ਤੇ ਪੰਜਾਬ ਦੇ ਮੁੱਖ ਮੰਤਰੀਆਂ ਨਾਲ਼ ਐਗਰੀਮੈਂਟ ਸਾਈਨ ਕਰ ਲਿਆ ਜਾਂ ਇੰਦਰਾ ਗਾਂਧੀ ਨੇ ਤਿੰਨੇ ਕਾਂਗਰਸ ਦੇ ਮੁੱਖ ਮੰਤਰੀਆਂ ਨੂੰ ਦਬਕਾ ਮਾਰ ਕੇ ਕਰਵਾ ਲਿਆ ਕਿਉਂਕਿ ਉਸ ਵੇਲ਼ੇ ਦਰਬਾਰਾ ਸਿੰਘ (ਮੁੱਖ ਮੰਤਰੀ ਪੰਜਾਬ), ਭਜਨ ਲਾਲ (ਮੁੱਖ ਮੰਤਰੀ ਹਰਿਆਣਾ), ਸ਼ਿਵਚਰਨ ਮਾਥੁਰ (ਮੁੱਖ ਮੰਤਰੀ ਰਾਜਸਥਾਨ) ਤਿੰਨੇ ਹੀ ਕਾਂਗਰਸ ਦੇ ਮੁੱਖ ਮੰਤਰੀ ਸਨ।

8 ਅਪ੍ਰੈਲ 1982 ਨੂੰ ਇੰਦਰਾ ਗਾਂਧੀ ਨੇ ਕਪੂਰੀ ਵਿੱਚ ਐੱਸ.ਵਾਈ.ਐੱਲ. ਨਹਿਰ ਦਾ ਟੱਕ ਲਾ ਕੇ ਉਦਘਾਟਨ ਕੀਤਾ ਤੇ ਅਗਲੇ ਹੀ ਦਿਨ ਅਕਾਲੀ ਦਲ ਨੇ ਇਸ ਪ੍ਰਜੈਕਟ ਨੂੰ ਰੋਕਣ ਲਈ ਮੋਰਚਾ ਸ਼ੁਰੂ ਕਰਨ ਦਾ ਐਲਾਨ ਕਰ ਦਿੱਤਾ। ਨਹਿਰ ਵਿੱਚ ਪੰਜਾਬ ਦਾ 3.5 ਮਿਲੀਅਨ (150 ਬਿਲੀਅਨ ਕਿਊਸਿਕ ਫੁੱਟ) ਪਾਣੀ ਜਾਣਾ ਸੀ। ਚਾਰੇ ਪਾਸਿਓਂ ਕਾਂਗਰਸ ਦੇ ਘੇਰੇ ਵਿੱਚ ਘਿਰਿਆ ਅਕਾਲੀ ਦਲ ਕਪੂਰੀ ਵਿੱਚ ਇਸ ਮੋਰਚੇ ਨੂੰ ਜਾਰੀ ਨਹੀਂ ਸੀ ਰੱਖ ਸਕਦਾ। ਮੋਰਚੇ ਨੂੰ ਢਾਹ ਲਾਉਣ ਲਈ ਭਜਨ ਲਾਲ ਦੇ ਗੁੰਡਿਆਂ ਨੇ ਹੁੱਲੜਬਾਜ਼ੀ ਕਰਨੀ ਸ਼ੁਰੂ ਕਰ ਦਿੱਤੀ। ਅਕਾਲੀ ਦਲ ਨੇ ਇਹ ਮੋਰਚਾ ਕਪੂਰੀ ਤੋਂ ਸ੍ਰੀ ਅੰਮ੍ਰਿਤਸਰ ਸਾਹਿਬ ਤਬਦੀਲ ਕਰ ਲਿਆ ਤੇ ਇਸ ਮੋਰਚੇ ਵਿੱਚ ਪੰਜਾਬ ਦੀਆਂ ਬਾਕੀ ਦੀਆਂ ਮੰਗਾਂ ਅਨੰਦਪੁਰ ਸਾਹਿਬ ਦੇ ਮਤੇ ਦੇ ਰੂਪ ਵਿੱਚ ਪਾ ਕੇ ਸੰਘਰਸ਼ ਵਿੱਢ ਦਿੱਤਾ।

ਸਰਕਾਰ ਨਾਲ਼ ਸਿੱਖਾਂ ਵੱਲੋਂ ਤਕਰੀਬਨ 36 ਮੀਟਿੰਗਾਂ ਕੀਤੀਆਂ ਗਈਆਂ ਪਰ ਸਰਕਾਰ ਸ਼ਾਇਦ ਸਿੱਖਾਂ ਦੀਆਂ ਮੰਗਾਂ ਹੀ ਨਾ ਮੰਨਣ ਲਈ ਨਹੀਂ, ਸਗੋਂ ਸਿੱਖਾਂ ਦਾ ਖੁਰਾ-ਖੋਜ ਮਿਟਾਉਣ ਦੇ ਰੌਂਅ ਵਿੱਚ ਸੀ।

ਸਿੱਖਾਂ ਦੀਆਂ ਮੰਗਾਂ ਨੂੰ ਇੰਦਰਾ ਗਾਂਧੀ ਵੱਲੋਂ 'ਲਾਅ ਐਂਡ ਆਰਡਰ' ਵਿੱਚ ਤਬਦੀਲ ਕਰਨ ਦਾ ਕੰਮ ਸ਼ੁਰੂ ਕਰ ਦਿੱਤਾ ਗਿਆ ਤੇ ਵੇਖਦੇ ਹੀ ਵੇਖਦੇ ਭਾਰਤ ਦੇ ਲੋਕਾਂ ਨੂੰ ਹਰੇਕ ਦਸਤਾਰਧਾਰੀ, ਕੇਸ-ਦਾੜ੍ਹੇ ਵਾਲ਼ੇ 'ਅੱਤਵਾਦੀ' ਤੇ 'ਵੱਖਵਾਦੀ' ਨਜ਼ਰੀ ਪੈਣ ਲੱਗ ਗਏ। ਤੇ ਉਹਨਾਂ ਦੀਆਂ ਜਾਇਜ਼ ਮੰਗਾਂ ਤੇ ਹੱਕਾਂ 'ਤੇ ਵੱਜਦੇ ਡਾਕੇ ਤੋਂ ਸਾਰਿਆਂ ਦਾ ਧਿਆਨ ਹਟਾ ਦਿੱਤਾ ਗਿਆ। ਇਹ ਇੰਦਰਾ ਗਾਂਧੀ ਦੀ ਬਦਨੀਤੀ, ਬੇਈਮਾਨੀ ਤੇ ਬਹੁਤ ਵੱਡੀ ਸ਼ਰਾਰਤ ਸੀ।

ਮੋਰਚੇ ਖ਼ਿਲਾਫ਼ ਜਲੰਧਰ ਦੀ 'ਮਹਾਸ਼ਾ ਪ੍ਰੈੱਸ' ਤੇ 'ਆਰੀਆ ਸਮਾਜੀ ਮੀਡੀਆ' ਨੇ ਬਹੁਤ ਜ਼ਹਿਰ ਉਗਲਿਆ। ਇਹਨਾਂ ਕਮੀਨੀ ਸੋਚ ਦੇ ਮੀਡੀਆ ਅਦਾਰਿਆਂ ਨੇ ਅੱਜ ਪੰਜਾਬ ਨੂੰ ਤਰਸਯੋਗ ਹਾਲਤ ਵਿੱਚ ਲਿਆ ਕਿ ਖੜ੍ਹਾ ਕਰ ਦਿੱਤਾ ਹੈ। ਲੋਕਾਂ ਨੂੰ ਇਹਨਾਂ ਤੋਂ ਸਵਾਲ ਪੁੱਛਣਾ ਚਾਹੀਦਾ ਕਿ ਮੋਰਚੇ ਦੀ ਖ਼ਿਲਾਫ਼ਤ ਤੁਸੀਂ ਉਹਨਾਂ ਦੀਆਂ ਮੰਗਾਂ ਨੂੰ ਲੈ ਕੇ ਕੀਤੀ ਸੀ, ਜੋ ਅੱਜ ਤਕ ਪੂਰੀਆਂ ਨਹੀਂ ਹੋਈਆਂ। ਜੇ ਓਸ ਵੇਲੇ ਸਰਕਾਰ ਨੇ ਇਹ ਮੰਗਾਂ ਇਹ ਕਹਿ ਕੇ ਠੁਕਰਾਈਆਂ ਸਨ ਕਿ ਇਹ ਮੰਗਾਂ ਦੇਸ਼ ਤੇ ਪੰਜਾਬੀ ਕੌਮ ਦੇ ਖ਼ਿਲਾਫ਼ ਹਨ। ਫਿਰ ਪੰਜਾਬ ਦਾ ਭਲਾ ਕਿਉਂ ਨਹੀਂ ਹੋਇਆ? ਕਿਉਂਕਿ 40 ਸਾਲਾਂ ਤੋਂ ਪੰਜਾਬ ਸੈਂਟਰ ਦੀਆਂ ਨੀਤੀਆਂ ਨਾਲ਼ ਹੀ ਕੰਮ ਕਰ ਰਿਹਾ ਹੈ।

ਕੁਝ ਕੁ ਰਿਪੋਰਟਾਂ ਖੁਲਾਸਾ ਕਰਦੀਆਂ ਨੇ ਕਿ ਦਰਬਾਰ ਸਾਹਿਬ 'ਤੇ ਹਮਲਾ ਇਹ ਪਾਣੀ ਦੀ ਮੰਗ ਤੇ ਹੋਰ ਪੰਜਾਬ ਦੇ ਹੱਕਾਂ ਦੀਆਂ ਮੰਗਾਂ ਦੇ ਕਰਕੇ ਹੀ ਕੀਤਾ ਗਿਆ ਕਿਉਂਕਿ ਸਰਕਾਰ ਨੇ ਬਾਕੀ ਭਾਰਤ ਦੇ ਲੋਕਾਂ ਨੂੰ ਤਾਂ ਸਹਿਜੇ ਹੀ ਗ਼ੁਲਾਮ ਬਣਾ ਲਿਆ ਸੀ ਪਰ ਸਿੱਖਾਂ ਨੂੰ ਕਾਬੂ ਕਰਨਾ ਅਜੇ ਉਹਨਾਂ ਦੇ ਵੱਸ ਵਿੱਚ ਨਹੀਂ ਆ ਰਿਹਾ ਸੀ ਤੇ 1982 ਤੋਂ ਹੀ ਸਿੱਖਾਂ ਦੀ ਤਾਕਤ ਦੇ ਸੋਮੇ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਸਾਹਿਬ ਨੂੰ ਖ਼ਤਮ ਕਰ ਕੇ ਸਿੱਖਾਂ ਦੀ ਨਸਲਕੁਸ਼ੀ ਕਰ ਕੇ ਇਹਨਾਂ ਦਾ ਨਾਮੋ-ਨਿਸ਼ਾਨ ਮਿਟਾਉਣ ਦੀ ਤਿਆਰੀ ਸ਼ੁਰੂ ਹੋ ਗਈ ਸੀ, ਜਿਸ ਨੂੰ ਅਮਲੀ ਜਾਮਾ ਜੂਨ 1984 ਵਿੱਚ ਪਹਿਨਾਇਆ ਗਿਆ। ਹਾਲਾਂਕਿ 2 ਜੂਨ ਤਕ ਇੰਦਰਾ ਗਾਂਧੀ ਭਾਰਤ ਸਮੇਤ ਪੰਜਾਬ ਦੇ ਲੋਕਾਂ ਨੂੰ ਗੁੰਮਰਾਹ ਕਰ ਰਹੀ ਸੀ।

ਆਪਣੇ ਭਾਸ਼ਣਾਂ ਦੁਆਰਾ ਕਹਿੰਦੀ ਰਹੀ ਕਿ ਦਰਬਾਰ ਸਾਹਿਬ 'ਤੇ ਪੁਲੀਸ ਜਾਂ ਫ਼ੌਜੀ ਕਾਰਵਾਈ ਨਹੀਂ ਕੀਤੀ ਜਾਵੇਗੀ ਪਰ ਅਸਲ ਵਿੱਚ ਉਸ ਦੀ ਪਲੈਨਿੰਗ 1982 ਵਿੱਚ ਹੀ ਸ਼ੁਰੂ ਹੋ ਗਈ ਸੀ। ਇਸ ਦਾ ਖ਼ੁਲਾਸਾ ਲੈਫ਼ਟੀਨੈਂਟ ਜਨਰਲ ਸਿਨਹਾ ਨੇ ਕਿਹਾ ਕਿ ਮੈਨੂੰ 18 ਮਹੀਨੇ ਪਹਿਲਾਂ ਹੀ ਇਸ ਹਮਲੇ ਦੀ ਤਿਆਰੀ ਕਰਨ ਦੇ ਹੁਕਮ ਹੋ ਗਏ ਸਨ। ਦਰਬਾਰ ਸਾਹਿਬ ਦੇ ਨਾਲ਼-ਨਾਲ਼ ਸਿੱਖਾਂ ਦੀ ਨਸਲ ਮਿਟਾਉਣ ਦੇ ਮਿਸ਼ਨ ਵੀ ਸ਼ਾਇਦ ਓਦੋਂ ਤੋਂ ਹੀ ਅਰੰਭ ਹੋ ਗਏ ਸਨ। ਇਸ ਦੀ ਇੱਕ ਮਿਸਾਲ 'ਹੋਂਦ ਚਿੱਲੜ' ਪਿੰਡ ਤੋਂ ਮਿਲਦੀ ਹੈ। ਜੋ ਕਿ ਨਵੰਬਰ 84 ਵਿੱਚ ਇਸ ਤਰ੍ਹਾਂ ਉਜਾੜਿਆ ਗਿਆ ਕਿ ਓਥੇ ਸਿਵਾਏ ਖੰਡ੍ਹਰਾਂ ਤੋਂ ਹੁਣ ਕੁਝ ਵੀ ਨਜ਼ਰੀਂ ਨਹੀਂ ਪੈਂਦਾ। ਜਿਹੜੇ ਲੋਕ 1947 ਵੇਲ਼ੇ ਪਾਕਿਸਤਾਨ ਤੋਂ ਆ ਕੇ ਇੱਥੇ ਆਪਣੀਆਂ ਨਸਲਾਂ ਬਚਾਉਣ ਲਈ ਵੱਸੇ ਸਨ, ਉਹਨਾਂ ਦਾ ਖੁਰਾ-ਖੋਜ ਹੀ ਇੱਥੋਂ ਮਿਟਾ ਦਿੱਤਾ ਗਿਆ। ਸ਼ਾਇਦ ਜੇ ਉਹ ਲੋਕ ਪਾਕਿਸਤਾਨ ਹੀ ਰਹਿ ਜਾਂਦੇ ਤਾਂ ਅੱਜ


CONSTRUCTION WORK ON SUTLEJ - YAMUNA LINK PROJECT
MESSAGE
Let facts speak
A harbinger of nation's strength
RAVI - BEAS WATERS ACCORD
A GREAT BOON TO THE PEOPLE OF PUNJAB

ਇੰਦਰਾ ਗਾਂਧੀ ਵੱਲੋਂ 8 ਅਪ੍ਰੈਲ 1982 ਨੂੰ ਕਪੂਰੀ ਵਿਖੇ ਸਤਲੁਜ-ਯਮੁਨਾ ਲਿੰਕ ਨਹਿਰ ਦੇ ਹੋ ਰਹੇ ਉਦਘਾਟਨ ਦੇ ਸਵਾਗਤ ਵਿੱਚ ਮੁੱਖ ਮੰਤਰੀ ਦਰਬਾਰਾ ਸਿੰਘ ਵੱਲੋਂ ਅਖ਼ਬਾਰਾਂ ਵਿੱਚ ਦਿੱਤਾ ਇਸ਼ਤਿਹਾਰ

ਉਹਨਾਂ ਦੀ ਨਸਲ ਦਾ ਕੁਝ ਅੰਸ਼ ਬਾਕੀ ਬਚਿਆ ਹੁੰਦਾ। ਇਹ ਸਾਰਾ ਕੁਝ ਭਾਰਤ ਦੀ ਰਾਜਧਾਨੀ ਤੋਂ 80 ਕਿਲੋਮੀਟਰ ਦੂਰ ਵਾਪਰਿਆ, ਜਿੱਥੇ ਲੋਕਾਂ ਨੂੰ ਡੀਜ਼ਲ ਤੇ ਤੇਲ ਪਾ ਕੇ ਜਿਊਂਦੇ ਹੀ ਸਾੜ ਦਿੱਤਾ ਗਿਆ। ਪੁਲੀਸ ਤੇ ਸਰਕਾਰ ਦੀ ਮਿਲੀਭੁਗਤ ਤੋਂ ਬਗ਼ੈਰ ਇਹ ਕਾਂਡ ਕਦੇ ਵੀ ਨਹੀਂ ਹੋ ਸਕਦੇ ਸਨ। ਪੂਰੀ ਦਿੱਲੀ ਵਿੱਚ ਜੋ ਕੁਝ ਵਾਪਰਿਆ, ਉਹ ਸਾਰਾ ਕੁਝ ਪ੍ਰੀ-ਪਲੈਨ ਜਾਪਦਾ ਸੀ। ਬੀਬੀਆਂ, ਛੋਟੀਆਂ ਬੱਚੀਆਂ ਨਾਲ਼ ਗੈਂਗ ਰੇਪ ਕਰਨ ਵਾਲ਼ੇ ਸੁੱਖ ਕਿੱਥੋਂ ਭਾਲਦੇ ਨੇ ਹੁਣ? ਭਾਰਤ ਅੱਜ ਜਿਸ ਕਗਾਰ 'ਤੇ ਖੜ੍ਹਾ, ਇਹ ਇਹਨਾਂ ਲੋਕਾਂ ਦੇ ਵਡੇਰਿਆਂ ਦੇ ਕਰਮਾਂ ਦਾ ਫ਼ਲ ਹੈ।

ਪਹਿਲਾਂ ਸਿੱਖਾਂ ਦੇ ਤਾਕਤ ਦੇ ਸੋਮੇ ਸ੍ਰੀ ਦਰਬਾਰ ਸਾਹਿਬ 'ਤੇ ਹਮਲਾ ਕਰ ਕੇ ਸ੍ਰੀ ਅਕਾਲ ਤਖ਼ਤ ਸਾਹਿਬ ਨੂੰ ਢਹਿ-ਢੇਰੀ ਕੀਤਾ ਗਿਆ। ਫਿਰ ਸਿੱਖਾਂ ਦੀ ਦਿੱਲੀ ਸਮੇਤ ਪੂਰੇ ਭਾਰਤ ਵਿੱਚ ਨਸਲਕੁਸ਼ੀ ਕੀਤੀ ਤੇ ਬਾਅਦ ਵਿੱਚ ਪੰਜਾਬ ਵਿੱਚ 'ਆਪਰੇਸ਼ਨ ਵੁੱਡ ਰੋਜ਼' ਦੇ ਨਾਂ 'ਤੇ ਸਿੱਖਾਂ ਦਾ ਕਤਲੇਆਮ ਕਰਨ ਤੋਂ ਬਾਅਦ 'ਰਾਜੀਵ-ਲੌਂਗੋਵਾਲ ਸਮਝੌਤਾ' ਜਿਸ ਵਿੱਚ ਸਿੱਖਾਂ ਦੇ ਕੋਲੋਂ ਹੀ ਐੱਸ.ਵਾਈ.ਐੱਲ. ਨਹਿਰ ਪੁਟਵਾ ਕੇ ਉਹਨਾਂ ਦਾ ਹੀ ਪਾਣੀ ਧੱਕੇ ਨਾਲ਼ ਬਾਹਰ ਲੈ ਕੇ ਜਾਇਆ ਜਾਣਾ ਸੀ। ਇਹ ਕੁਝ ਓਸੇ ਤਰ੍ਹਾਂ ਦਾ ਵਤੀਰਾ ਲੱਗਦਾ, ਜਦੋਂ ਪਹਿਲੀ ਸੰਸਾਰ ਯੁੱਧ ਹਾਰਨ ਤੋਂ ਬਾਅਦ ਫ਼ਰਾਂਸ ਨੇ ਜਰਮਨੀ ਨਾਲ਼ ਕੀਤਾ ਸੀ। ਹਾਲਾਕਿ ਓਸ ਵੇਲ਼ੇ ਸੰਤ ਲੌਂਗੋਵਾਲ ਕੋਲ਼ ਕੋਈ ਵੀ ਸੰਵਿਧਾਨਕ ਪੁਜ਼ੀਸ਼ਨ ਨਹੀਂ ਸੀ ਤੇ ਮਾਹਿਰ ਮੰਨਦੇ ਹਨ ਕਿ ਬਿਨਾਂ ਕਿਸੇ ਪੁਜ਼ੀਸ਼ਨ ਦੇ ਇਹ ਸਮਝੌਤਾ ਵੈਲਿਡ (ਯੋਗ) ਨਹੀਂ ਮੰਨਿਆ ਜਾ ਸਕਦਾ ਪਰ ਕੇਂਦਰ ਸਰਕਾਰ ਨੇ ਇਸ ਨੂੰ ਯੋਗ ਕਰਾਰ ਦਿੱਤਾ। ਇੱਥੇ ਹੁਣ ਗੱਲ ਪਾਣੀ ਦੀ ਨਹੀਂ ਸੀ, ਪੰਜਾਬੀਆਂ ਦੀ ਹੋਂਦ ਦਾ ਸਵਾਲ ਖੜ੍ਹਾ ਹੋ ਗਿਆ ਸੀ। ਐਨਾ ਵੱਡਾ ਭਾਣਾ ਵਾਪਰਨ ਦੇ ਬਾਵਜੂਦ ਨਹਿਰ indirect way ਦੇ ਨਾਲ਼ ਅੱਜ ਵੀ ਵਹਿ ਰਹੀ ਹੈ ਤੇ ਇਸ ਨੂੰ ਸਿੱਧੀ ਵਹਾਉਣ ਲਈ, ਸਮਝੌਤੇ 'ਤੇ ਦਸਤਖ਼ਤ ਹੋ ਗਏ।

ਐੱਸ.ਵਾਈ.ਐੱਲ. ਦਾ ਹਰਿਆਣੇ ਵਾਲ਼ਾ ਪਾਸਾ ਸ਼ੁਰੂ ਤੋਂ ਹੀ ਬਣ ਕੇ ਪੂਰੀ ਤਰ੍ਹਾਂ ਤਿਆਰ ਸੀ। ਨੰਗਲ ਤੋਂ ਰੋਪੜ ਤਕ ਪੰਜਾਬ ਵਾਲ਼ੇ ਹਿੱਸੇ ਵਿੱਚ ਵੀ ਪਾਣੀ ਛੱਡਿਆ ਹੋਇਆ। ਭਾਖੜਾ ਮੇਨ ਲਾਈਨ ਦੇ ਨਾਲ਼ ਇੱਕ ਹੋਰ ਪੱਕੀ ਨਹਿਰ ਵਿੱਚ ਇਹੀ ਪਾਣੀ ਜਾਂਦਾ ਹੈ, ਜੋ ਐੱਸ.ਵਾਈ.ਐੱਲ. ਵਿੱਚ ਜਾਣਾ ਸੀ। ਰੋਪੜ ਤੋਂ temporary ਸਤਲੁਜ ਵਿੱਚ ਪਾਣੀ ਤਾਂ ਪਾਇਆ ਜਾਂਦਾ ਕਿਉਂਕਿ ਪੰਜਾਬ ਵਿਚਲਾ ਬਾਕੀ ਦਾ ਹਿੱਸਾ ਅਜੇ ਤਿਆਰ ਨਹੀਂ ਹੋਇਆ। ਇਸ ਸਮਝੌਤੇ ਤੋਂ ਬਾਅਦ ਉਹ ਬਚੇ ਹਿੱਸੇ ਨੂੰ ਪੱਕਿਆਂ ਕਰਨ ਦਾ ਕੰਮ ਜ਼ੋਰਾਂ-ਸ਼ੋਰਾਂ ਨਾਲ਼ ਸ਼ੁਰੂ ਹੋ ਗਿਆ ਸੀ। ਕੇਂਦਰ ਨੇ ਸਮਾਂਬੰਦੀ ਵੀ ਤੈਅ ਕਰ ਕੇ ਪੰਜਾਬ ਨੂੰ ਦੇ ਦਿੱਤੀ ਕਿ 15 ਅਗਸਤ 1986 ਤਕ ਹਰ ਹਾਲਤ ਨਹਿਰ ਪੱਕਿਆਂ ਹੋਣੀ ਚਾਹੀਦੀ ਹੈ। ਰੋਪੜ ਤੋਂ ਚੁੰਨੀ ਕਲਾ ਤਕ ਇਹ ਕੰਮ ਬਹੁਤ ਛੇਤੀ ਕਰ ਲਿਆ ਗਿਆ। ਅਖ਼ੀਰ ਪੰਜਾਬ ਦੇ ਜੁਝਾਰੂਆਂ ਨੂੰ ਜਦੋਂ ਕੋਈ ਹੋਰ ਰਸਤਾ ਨਾ ਦਿੱਸਿਆ ਤਾਂ ਇਸ ਕੰਮ ਨੂੰ ਬੰਦੂਕ ਦੇ ਜ਼ੋਰ 'ਤੇ ਰੋਕਣਾ ਪਿਆ। ਸੁਪਰੀਮ ਕੋਰਟ, ਸ਼ਾਂਤੀ ਵਾਰਤਾਲਾਪ, ਸ਼ਾਂਤਮਈ ਧਰਨੇ, ਮੁਜ਼ਾਹਰੇ ਕੋਈ ਵੀ ਰਸਤਾ ਨਹੀਂ ਬਚਿਆ ਤਾਂ ਜਾ ਕੇ ਹਿੰਸਾ ਦੇ ਰਸਤੇ ਚੱਲ ਕੇ ਪੰਜਾਬੀਆਂ ਨੇ ਨਹਿਰ ਦਾ ਕੰਮ ਬੰਦ ਕਰਵਾਇਆ।

ਭਾਰਤ ਵਿੱਚ ਜਦੋਂ ਤੁਹਾਡੇ 'ਤੇ ਦੇਸ਼-ਧ੍ਰੋਹੀ ਦਾ ਠੱਪਾ ਲੱਗ ਗਿਆ ਤਾਂ ਫਿਰ ਤਾਂ ਭਾਰਤ ਦਾ ਕਨੂੰਨ ਵੀ ਤੁਹਾਨੂੰ ਕੁਚਲਣ ਦੀ ਇਜਾਜ਼ਤ ਦਿੰਦਾ। 'ਦੇਸ਼ ਦੀ ਅਖੰਡਤਾ ਤੇ ਏਕਤਾ' ਦੇ ਨਾਂ 'ਤੇ ਕੋਈ ਵੀ ਜ਼ੁਰਮ ਮਾਫ਼ ਹੈ। ਜਦੋਂ ਤੁਸੀਂ ਕੋਈ ਝੂਠ ਪੂਰੇ ਜ਼ੋਰ ਨਾਲ਼ ਪ੍ਰਚਾਰ ਦਿੱਤਾ ਕਿ ਇਸ ਗੱਲ ਨਾਲ਼ ਦੇਸ਼ ਦੀ ਅਖੰਡਤਾ ਤੇ ਏਕਤਾ ਨੂੰ ਖ਼ਤਰਾ, ਫਿਰ ਛੋਟੀਆਂ ਬੱਚੀਆਂ ਨਾਲ਼ ਰੇਪ, ਗਲ਼ਾਂ ਵਿੱਚ ਟਾਇਰ ਪਾ ਸਾੜਨ, ਤਸ਼ੱਦਦ ਕਰ-ਕਰ ਮਾਰਨ, ਬੇਗੁਨਾਹਾਂ ਦੇ ਝੂਠੇ ਮੁਕਾਬਲੇ ਬਣਾਉਣ ਵਾਲਿਆਂ ਨੂੰ ਵੀ ਮੈਡਲ ਦੇ ਕੇ ਨਿਵਾਜਿਆ ਜਾਂਦਾ ਹੈ। 2002 ਵਿੱਚ ਪੰਜਾਬ ਸਰਕਾਰ ਨੂੰ ਇਸ ਨਹਿਰ ਨੂੰ ਮੁਕੰਮਲ ਕਰਵਾਉਣ ਦੇ ਸੁਪਰੀਮ ਕੋਰਟ ਵੱਲੋਂ ਆਰਡਰ ਆ ਗਏ।

ਹੁਣ 2004 ਵਿੱਚ ਕੈਪਟਨ ਅਮਰਿੰਦਰ ਸਿੰਘ ਦੇ ਅੱਗੇ ਧਰਮ-ਸੰਕਟ ਪੈਦਾ ਹੋ ਗਿਆ ਇਸ ਨਹਿਰ ਨੂੰ ਬਣਾਉਣ ਜਾਂ ਨਾ, ਕਿਉਂਕਿ ਨਤੀਜੇ ਪਹਿਲਾਂ ਹੀ ਬਹੁਤ ਆ ਚੁੱਕੇ ਸਨ। ਇਸੇ ਦੌਰਾਨ ਕੈਪਟਨ ਸਰਕਾਰ ਨੇ Punjab Termination of waters agreement act 2004 ਲੈ ਕੇ ਆਈ। ਜੋ 12 ਜੁਲਾਈ 2004 ਨੂੰ ਪੰਜਾਬ ਦੀ ਵਿਧਾਨ ਸਭਾ ਵਿੱਚ ਪਾਸ ਹੋਇਆ। ਉਸ ਵਿੱਚ ਇਹਨਾਂ ਨੇ ਪਾਣੀਆਂ ਦੇ ਸਾਰੇ ਸਮਝੌਤੇ ਸਮੇਤ ਰਾਜੀਵ ਲੌਂਗੋਵਾਲ ਸਮਝੌਤਾ ਰੱਦ ਕਰ ਦਿੱਤਾ। ਪਾਣੀਆਂ ਦੇ ਮਾਹਿਰਾਂ ਨੇ ਕਿਹਾ ਕਿ ਇਸ ਐਕਟ ਵਿੱਚ ਵੀ ਬਹੁਤ ਊਣਤਾਈਆਂ ਸਨ, ਕੈਪਟਨ ਸਿਰਫ਼ ਆਪਣਾ ਕਾਰਜਕਾਲ ਟਪਾਉਣ ਲਈ ਇਸ ਐਕਟ ਨੂੰ ਊਣਤਾਈਆਂ ਦੇ ਬਾਵਜੂਦ ਵੀ ਪਾਸ ਕਰਵਾ ਗਈ। ਜਿਸ ਨੂੰ ਅਕਾਲੀ ਦਲ, ਭਾਰਤੀ ਜਨਤਾ ਪਾਰਟੀ ਤੇ ਪੰਜਾਬ ਕਾਂਗਰਸ ਨੇ ਪੂਰਾ ਸਮਰਥਨ ਦਿੱਤਾ ਸੀ। Clause

No. 5 ਵਿੱਚ ਬੜੀ ਸੂਖਮਤਾ ਨਾਲ਼ 75% ਪਾਣੀ ਜਿਹੜਾ ਪਹਿਲਾਂ ਹੀ ਦੂਜੀਆਂ ਸਟੇਟਾਂ ਨੂੰ ਜਾ ਰਿਹਾ, ਉਸ ਨੂੰ ਪੱਕਾ ਕਰ ਦਿੱਤਾ ਕਿ ਇਹ ਇਸੇ ਤਰ੍ਹਾਂ ਜਾਂਦਾ ਰਹੂ। ਵਾਟਰ ਐਗਰੀਮੈਂਟ 2004 ਪਾਸ ਕਰਨ ਦੀ ਮਨਸ਼ਾ ਸ਼ਾਇਦ ਇਹ ਸੀ ਕਿ ਕਿਤੇ ਪੰਜਾਬੀ ਕੱਲ੍ਹ ਨੂੰ ਬਾਕੀ ਦਾ ਪਾਣੀ ਵੀ ਨਾ ਬੰਦ ਕਰ ਦੇਣ, ਇਸ ਲਈ ਪਹਿਲਿਆਂ 'ਤੇ ਪੱਕੀ ਮੋਹਰ ਲਾ ਦਿੱਤੀ।

ਜਦੋਂ ਸਰਕਾਰਾਂ ਨੇ ਵੇਖਿਆ ਕਿ ਸਤਲੁਜ-ਜਮਨਾ ਲਿੰਕ ਨਹਿਰ ਦੇ ਜ਼ਰੀਏ ਪੰਜਾਬ ਦਾ ਬਾਕੀ ਬਚਦਾ ਪਾਣੀ ਸਰਕਾਰਾਂ ਨਹੀਂ ਖੋਹ ਸਕਦੀਆਂ ਤਾਂ ਇਹਨਾਂ ਨੇ ਇਸ ਨੂੰ ਧਾਰਮਿਕ ਰੰਗਤ ਦੇ ਕੇ ਅਚਾਨਕ ਪੰਜਾਬ ਵਿੱਚ 'ਸਰਸਵਤੀ ਨਦੀ' ਪੈਦਾ ਕਰ ਦਿੱਤੀ। ਹਰਿਆਣਾ, ਰਾਜਸਥਾਨ ਵਿੱਚੋਂ ਦੀ ਹੁੰਦੀ ਹੋਈ ਇਹ ਨਦੀ ਗੁਜਰਾਤ ਦੇ ਕੱਛ ਤਕ ਜਾਵੇਗੀ। ਇਹ ਕੋਈ ਇਤਫਾਕ ਨਹੀਂ ਹੈ। ਇਹ 'ਮਾਤਾ ਸਰਸਵਤੀ' ਦਾ ਸਹਾਰਾ ਲੈ ਕੇ ਪੰਜਾਬ ਦੇ ਬਚੇ-ਖੁਚੇ ਪਾਣੀ ਨੂੰ ਨਿਚੋੜਨ ਦੀ ਤਿਆਰੀ ਹੈ। ਕਿਉਂਕਿ ਜਦੋਂ ਗੱਲ ਧਰਮ 'ਤੇ ਆ ਗਈ ਤਾਂ ਭਾਰਤ ਦੀ 100 ਕਰੋੜ ਹਿੰਦੂ ਕੌਮ ਦੀਆਂ ਭਾਵਨਾਵਾਂ ਆਹਤ ਹੋ ਜਾਣਗੀਆਂ ਤੇ ਜਿਸ ਤਰ੍ਹਾਂ ਇੱਕ ਇੰਦਰਾ ਮਰਨ ਉੱਪਰ ਸਿੱਖਾਂ ਦੀ ਐਨੀ ਕਤਲੋਗਾਰਦ ਹੋਈ ਸੀ, ਜੇ ਉਹਨਾਂ ਨੇ ਸਰਵਸਤੀ ਦੇਵੀ ਪ੍ਰਗਟ ਹੋਣ ਤੋਂ ਰੋਕੀ ਤਾਂ ਬਹੁਗਿਣਤੀ ਕੌਮ ਤਾਂ ਕੁਝ ਮਿੰਟਾਂ ਵਿੱਚ ਹੀ ਇੱਕ ਘੱਟ ਗਿਣਤੀ ਕੌਮ ਦਾ ਖੁਰਾ-ਖੋਜ ਮੁਕਾ ਦੇਵੇਗੀ। ਹਾਲਾਂਕਿ ਹਜ਼ਾਰਾਂ ਸਾਲਾਂ ਤੋਂ ਸਰਸਵਤੀ ਦੇਵੀ ਨਦੀ ਦੀ ਪੂਜਾ ਪਰਿਆਗ ਵਿੱਚ ਗੰਗਾ, ਜਮਨਾ ਦੇ ਸੰਗਮ ਵਿੱਚ ਵਹਿਣ ਵਾਲ਼ੀ ਤ੍ਰਿਵੇਣੀ ਗੁਪਤ ਨਦੀ ਦੇ ਰੂਪ ਵਿੱਚ ਹੋ ਰਹੀ ਹੈ। ਤੇ ਕਈ ਜਗ੍ਹਾ ਅਫ਼ਗਾਨਿਸਤਾਨ ਵਿੱਚ ਹੇਲਮੰਤ ਸੱਭਿਅਤਾ ਵਿੱਚ ਸਰਸਵਤੀ ਨਦੀ ਦੇ ਵਹਿਣ ਦੀ ਗੱਲ ਹੁੰਦੀ ਰਹੀ ਹੈ। ਤੇ ਹੁਣ ਉਹ ਦੇਵੀ ਅਚਾਨਕ ਪੰਜਾਬ ਦੇ ਵਿੱਚ ਪ੍ਰਗਟ ਹੋ ਗਈ।

ਐਨ.ਡੀ.ਟੀ.ਵੀ. ਦੀ ਰਿਪੋਰਟ ਵਿੱਚ ਇਸ ਨਹਿਰ ਦੀ ਹੋਂਦ ਦੇ ਸਵਾਲ ਦੇ ਜਵਾਬ ਵਿੱਚ ਜਦੋਂ ਪੁੱਛਿਆ ਗਿਆ ਤਾਂ ਜਿਹੜੇ ਖੋਜੀ ਸੱਜਣ ਇਸ ਨਦੀ ਦੀ ਹੋਂਦ ਦੀ ਗੱਲ ਕਰ ਕੇ ਇਸ ਨਦੀ ਨੂੰ ਪੁੱਟਣ ਦਾ ਕਾਰਜ ਕਰ ਰਹੇ ਸਨ, ਉਹਨਾਂ ਨੂੰ ਕੋਈ ਸਟੀਕ ਉੱਤਰ ਨਹੀਂ ਆਇਆ ਤੇ ਜਵਾਬ ਦਿੱਤਾ ਕਿ "ਇਸ ਦਾ ਜਵਾਬ ਇਹ ਹੈ ਕਿ ਜੇ ਕੋਈ ਕਹੇ ਇੱਥੇ ਨਦੀ ਨਹੀਂ ਸੀ ਤਾਂ ਜਵਾਬ ਸਿਰਫ਼ ਇਹੀ ਹੈ ਇੱਥੇ ਨਦੀ ਸੀ। (ਬਿਨਾ ਕੋਈ ਠੋਸ ਸਬੂਤ ਦੇ।)"

ਅਗਲਾ ਸਵਾਲ ਕਿ "ਇਸ ਨਦੀ ਵਿੱਚ ਪਾਣੀ ਦਾ ਸ੍ਰੋਤ ਕੀ ਸੀ?"

ਤੇ ਜਵਾਬ- "ਇਹ ਵੱਡੀਆਂ ਨਦੀਆਂ ਮਿਲ਼ ਕੇ ਵਹਾਉਂਦੀਆਂ ਸਨ।"

ਸਵਾਲ ਕਿ "ਫਿਰ ਇਹ ਛੋਟੀ ਨਦੀ ਸੀ। ਕਿਉਂਕਿ ਰਿਗਵੇਦ ਵਿੱਚ ਤਾਂ ਇਸ ਨੂੰ ਬਹੁਤ ਵੱਡੀ ਤੇ ਵਿਸ਼ਾਲ ਨਦੀ ਕਿਹਾ ਗਿਆ?"

"ਨਹੀਂ-ਨਹੀਂ, ਇਹ ਛੋਟੀ ਨਦੀ ਨਹੀਂ ਸੀ।"

"ਜੇ ਛੋਟੀ ਨਦੀ ਨਹੀਂ ਸੀ ਤਾਂ ਫਿਰ ਪਾਣੀ ਕਿੱਥੋਂ ਆਉਂਦਾ ਸੀ ਇਸ ਵਿੱਚ? ਤੇ ਜੇ ਵੱਡੀ ਨਦੀ ਸੀ ਜਿਵੇਂ ਸਤਲੁਜ ਤੇ ਬਿਆਸ ਤਾਂ ਫਿਰ ਇਸ ਦਾ ਮੁੱਢ ਕੀ ਸੀ? ਕੁਦਰਤੀ ਵਹਾਅ ਅਨੁਸਾਰ ਤਾਂ ਹਿਮਾਲਿਆ ਤੋਂ ਵੱਡੀ ਨਦੀ ਇਸ ਰੂਟ 'ਤੇ ਸਤਲੁਜ ਹੀ ਆਉਂਦੀ ਹੈ। ਤੇ ਜੇ ਸਤਲੁਜ ਦੇ ਪਾਣੀ ਨਾਲ਼ ਇਹ ਨਦੀ ਚਲਦੀ ਸੀ ਤਾਂ ਫਿਰ ਰਿਗਵੇਦ ਵਿੱਚ ਦਰਸਾਈ ਸਰਸਵਤੀ ਨਦੀ ਦੀ ਰੂਪ-ਰੇਖਾ ਇਸ ਨਾਲ਼ ਬਿਲਕੁਲ ਵੀ ਨਹੀਂ ਰਲਦੀ।"

ਜਵਾਬ ਕੋਈ ਨਹੀਂ।

ਐੱਸ.ਵਾਈ.ਐੱਲ. ਵਿੱਚ ਕੁਲ 3.6 ਮਿਲੀਅਨ ਏਕੜ ਫੁੱਟ ਪਾਣੀ ਛੱਡਣਾ ਸੀ। ਜਦੋਂ 1985 ਵਿੱਚ ਐੱਸ.ਵਾਈ.ਐੱਲ. ਬਣਨ ਤੋਂ ਰੁਕੀ ਤਾਂ ਸਰਕਾਰ ਨੇ 2.1 ਮਿਲੀਅਨ ਏਕੜ ਫੁੱਟ ਪਾਣੀ ਰੋਪੜ ਦੇ ਕੋਲ਼ ਭਾਖੜਾ ਵਿੱਚ ਪਾ ਦਿੱਤਾ। ਤੇ ਜਿਹੜਾ 1.5 ਮਿਲੀਅਨ ਏਕੜ ਫੁੱਟ ਪਾਣੀ ਬਚਿਆ ਸੀ, ਓਸ ਵਿੱਚੋਂ ਵੀ ਮਈ 2015 ਵਿੱਚ 450 ਕਿਊਸਿਕ ਪਾਣੀ ਭਾਖੜਾ ਨਹਿਰ ਦੇ ਕਿਨਾਰਿਆਂ ਨੂੰ ਕਰੀਬ 2 ਕੁ ਫੁੱਟ ਉੱਚਾ ਕਰ ਕੇ ਉਸ ਵਿੱਚ ਛੱਡਿਆ ਗਿਆ। ਐੱਸ.ਵਾਈ.ਐੱਲ. ਰਾਹੀਂ ਤਾਂ ਹੁਣ ਕਾਫ਼ੀ ਪਾਣੀ ਪੰਜਾਬ ਦਾ ਹਰਿਆਣੇ ਨੂੰ ਜਾ ਰਿਹਾ ਪਰ ਸਮੇਂ-ਸਮੇਂ 'ਤੇ ਲੋਕ ਉਸ ਦਾ ਵਿਰੋਧ ਕਰਦੇ ਹਨ।

ਹੁਣ ਨਵਾਂ ਧਾਰਮਿਕ (ਸਰਸਵਤੀ ਨਦੀ ਦਾ) ਮੁੱਦਾ ਜਿਸ ਤਹਿਤ ਪੰਜਾਬ ਦਾ ਸਾਰਾ ਪਾਣੀ ਨਿਚੋੜਿਆ ਜਾਣਾ, ਉਸ ਬਾਰੇ ਬਾਅਦ ਵਿੱਚ ਕਿਸੇ ਕੋਲੋਂ ਚਾਹੁੰਦੇ ਹੋਏ ਵੀ ਵਿਰੋਧ ਨਹੀਂ ਹੋਣਾ। ਇਸ ਮੁੱਦੇ ਤਹਿਤ ਪੰਜਾਬ ਦੀ ਫਿਰ ਤੋਂ ਆਰਥਿਕ ਤੇ ਜਿਸਮਾਨੀ ਨਸਲਕੁਸ਼ੀ ਦਾ ਰਾਹ ਸੁਖਾਲ਼ਾ ਹੋ ਜਾਣਾ, ਜੋ ਇੰਦਰਾ ਗਾਂਧੀ ਦੇ ਕਤਲ ਵੇਲ਼ੇ ਕਿਤੇ ਨਾ ਕਿਤੇ ਪੂਰੀ ਤਰ੍ਹਾਂ ਕਾਮਯਾਬ ਨਹੀਂ ਹੋਇਆ ਸੀ। ਫਿਰ ਵੀ ਜੇ ਕਿਸੇ ਕਾਰਨ ਸਤਲੁਜ ਦਾ ਪਾਣੀ ਸਰਸਵਤੀ ਨਦੀ ਰਾਹੀਂ ਪੰਜਾਬ ਦੇ ਰਸਤੇ ਪੰਜਾਬੋਂ ਬਾਹਰ ਨਾ ਜਾ ਸਕਿਆ ਤਾਂ ਇੱਕ ਦੂਸਰੇ ਰਸਤੇ ਦੀ ਵੀ ਤਿਆਰੀ ਜ਼ੋਰਾਂ 'ਤੇ ਚੱਲ ਰਹੀ ਹੈ। ਜਿਸ ਤਰ੍ਹਾਂ ਬਿਆਸ ਦਾ ਪਾਣੀ ਸੁਰੰਗਾਂ ਪੁੱਟ ਕੇ ਹਿਮਾਚਲ ਤੋਂ ਹੀ ਸਤਲੁਜ ਵਿੱਚ ਰਲਾਇਆ, ਓਸੇ ਤਰਜ਼ 'ਤੇ ਸਤਲੁਜ ਦਾ ਪਾਣੀ ਉੱਪਰੋਂ ਹੀ ਸਰਸਵਤੀ ਨਦੀ ਵਿੱਚ ਜਾ ਸਕਦਾ, ਜਿਸ ਦਾ ਖ਼ੁਲਾਸਾ ਤੇ ਸਰਕਾਰ ਕੋਲੋਂ ਮੰਗ ਸਰਸਵਤੀ ਬੋਰਡ ਨੇ ਕੀਤੀ ਹੈ। ਇਹ ਪਾਣੀ 3 ਡੈਮਾਂ ਰਾਹੀਂ ਹਰੀਪੁਰ, ਆਦਬਦਰੀ ਤੇ ਲੋਹਗੜ੍ਹ ਵਿੱਚ ਡੈਮ ਬਣਾ ਕੇ ਪਾਣੀ ਦੇ ਵਹਾਅ ਨੂੰ ਹਿਮਾਚਲ ਵਿੱਚ ਹੀ ਬਦਲ ਕੇ ਸਰਸਵਤੀ ਨਦੀ ਵਿੱਚ ਗੈਰ-ਕਨੂੰਨੀ ਤਰੀਕੇ ਪਾਇਆ ਜਾਵੇਗਾ। ਭਾਰਤੀ ਸੰਵਿਧਾਨ ਤੇ ਅੰਤਰਰਾਸ਼ਟਰੀ ਕਨੂੰਨ ਅਨੁਸਾਰ ਇਹ ਗੈਰ-ਕਨੂੰਨੀ ਹੀ ਹੈ।

Convention on the Law of the Non-navigational Uses of International watercourses 1997: Adopted by the General Assembly ssembly of the United Nations on 21 may 1997 entered into force on 17 August 2014. See General Assembly Resolution 51/229, annex, Official Records of the General Assembly, Fifty-first Session, Supplement No. 49 (A/51/49).

The Constitution of India: Schedule 7 Category 2 Entry 17 Declares water as a State matter not National.

ਇਸ ਤਰੀਕੇ ਪੰਜਾਬ ਦਾ ਰਹਿੰਦਾ ਪਾਣੀ ਲੈ ਜਾ ਕੇ ਪੰਜਾਬ ਨੂੰ ਰੇਗਿਸਤਾਨ ਬਣਾ ਦਿੱਤਾ ਜਾਵੇਗਾ ਤੇ ਜਿਹੜੀ ਸੱਭਿਅਤਾ ਤੇ ਸੰਸਕ੍ਰਿਤੀ ਦੀ ਅੱਜ ਗੱਲ ਕਰ ਰਹੇ ਹਾਂ, ਇਹ ਬਿਲਕੁਲ ਹੀ ਅਲੱਗ ਹੋਵੇਗੀ ਕਿਉਂਕਿ ਇਤਿਹਾਸ ਬਦਲਣ ਦਾ ਕੰਮ ਤਾਂ ਪਹਿਲਾਂ ਹੀ ਜ਼ੋਰਾਂ 'ਤੇ ਚੱਲ ਰਿਹਾ ਹੈ। ਜਦੋਂ ਭੂਗੋਲਿਕ ਸਥਿਤੀ ਵੀ ਬਦਲ ਗਈ ਫਿਰ ਓਸ ਇਤਿਹਾਸ ਨੂੰ ਅਮਲੀ ਜਾਮਾ ਪਹਿਨਾਇਆ ਜਾਣਾ ਹੈ, ਜੋ ਬਿਪਰ ਵੱਲੋਂ ਰਚਿਆ ਜਾ ਰਿਹਾ ਹੈ। ਆਉਣ ਵਾਲ਼ੇ ਕੁਝ 100 ਸਾਲਾਂ ਬਾਅਦ ਜਿਹੜਾ ਖ਼ਾਲਸਾ ਦਸਮੇਸ਼ ਪਿਤਾ ਨੇ ਪੰਜਾਬ ਦੀ ਧਰਤੀ 'ਤੇ ਪ੍ਰਗਟ ਕੀਤਾ ਸੀ, ਉਸ ਨੂੰ ਦਲੀਲਾਂ ਦੇ ਕੇ ਖ਼ਾਰਜ ਕਰਨਗੇ ਤੇ ਆਉਣ ਵਾਲ਼ੀਆਂ ਪੀੜੀਆਂ ਭੂਗੋਲ ਦੀ ਕਸਵੱਟੀ 'ਤੇ ਇਤਿਹਾਸ ਨੂੰ ਪਰਖ ਕੇ ਉਸ ਨੂੰ ਸਹੀ ਮੰਨ ਲੈਣਗੀਆਂ।

ਪੰਜਾਬੀਆਂ ਨੂੰ ਮਿਲ਼ ਕੇ ਪਹਿਲਾਂ ਤਾਂ ਜੋ ਕਨੂੰਨੀ ਤਰੀਕੇ (ਅਸਲ ਵਿੱਚ ਧੱਕੇ) ਨਾਲ਼ ਪੰਜਾਬ ਦਾ 75% ਪਾਣੀ ਬਾਹਰ ਜਾ ਰਿਹਾ, ਉਸ ਨੂੰ 1966 reorganisation Act ਤੇ 2004 ਦੇ Termination of Agreements Act ਦੀ ਧਾਰਾ 5 ਨੂੰ ਪੰਜਾਬ ਵਿਧਾਨ ਸਭਾ ਵਿੱਚ ਰੱਦ ਕਰਵਾ ਕੇ ਰੋਕਣਾ ਪੈਣੈ ਤੇ ਜਿਹੜਾ ਬਾਕੀ ਪਾਣੀ ਲੁੱਟੇ ਦੀਆਂ ਚਾਲਾਂ ਚੱਲੀਆਂ ਜਾ ਰਹੀਆਂ ਹਨ। ਉਸ 'ਤੇ ਵੀ ਨੋਟਿਸ ਲੈਣਾ ਚਾਹੀਦਾ। ਜਿਸ ਤਰ੍ਹਾਂ ਪੰਜਾਬ ਦਾ ਖੂਹਾਂ-ਬੇਲਿਆਂ ਦਾ ਇਤਿਹਾਸ ਅੱਜ ਕਾਗ਼ਜ਼ੀ ਬਣ ਕੇ ਰਹਿ ਗਿਆ, ਉਹ ਵੀ ਦਿਨ ਦੂਰ ਨਹੀਂ ਜਦੋਂ ਰਹਿੰਦਾ ਇਤਿਹਾਸ ਵੀ ਕਾਗ਼ਜ਼ੀ ਬਣ ਜਾਣਾ ਤੇ ਫਿਰ ਇਹ ਰੇਤ ਦੇ ਟਿੱਲਿਆਂ ਵਿੱਚ ਸਾਡੇ ਘਰ ਵੀ ਨਹੀਂ ਹੋਣੇ, ਜਿਨ੍ਹਾਂ ਨੂੰ ਬਚਾਉਣ ਪ੍ਰਤੀ ਅੱਜ ਅਸੀਂ ਅਵੇਸਲੇ ਹੋਏ ਫਿਰਦੇ ਹਾਂ ਤੇ ਇੱਕਜੁਟ ਹੋਣ ਨੂੰ ਤਿਆਰ ਨਹੀਂ।

ਲੰਗੜਾ-ਲੂਲਾ ਪੰਜਾਬੀ ਸੂਬਾ ਬਣ ਜਾਣ ਤੋਂ ਬਾਅਦ ਜਦੋਂ ਪੰਜਾਬੀਆਂ ਨੂੰ ਹੋਰ ਉਲ਼ਝਾ ਦਿੱਤਾ ਗਿਆ ਤੇ ਜਿਹੜੀ ਮੰਗ ਸਿਰਫ਼ ਇੱਕ ਪੰਜਾਬੀ ਸੂਬਾ ਬਣਾਉਣ ਨਾਲ਼ ਹੱਲ ਹੋ ਜਾਣੀ ਸੀ, ਉਹ ਹੋਰਨਾਂ ਮੰਗਾਂ ਵਿੱਚ ਤਬਦੀਲ ਹੋ ਕੇ ਵਿਦਰੋਹ ਵਿੱਚ ਬਦਲ ਗਈ। ਇਸੇ ਤਰ੍ਹਾਂ ਬਾਕੀ ਦੇ ਸੂਬੇ ਵੀ ਆਪੋ-ਆਪਣੇ ਹੱਕਾਂ ਲਈ ਲਾਮਬੰਦ ਹੋਣ ਲੱਗੇ ਤੇ ਅਖ਼ੀਰ ਕੁਝ ਕੁ ਸਾਲਾਂ ਵਿੱਚ ਹੀ ਇੰਦਰਾ ਗਾਂਧੀ ਦੀਆਂ ਨੀਤੀਆਂ ਤੋਂ ਲੋਕ ਜਾਣੂ ਹੋ ਗਏ ਤੇ ਉਸ ਦੇ ਖ਼ਿਲਾਫ਼ ਡਟ ਗਏ। ਜਿਸ ਨੂੰ ਇੰਦਰਾ ਗਾਂਧੀ ਸੱਤਾ ਦਾ ਕੇਂਦਰੀਕਰਨ ਕਰ ਕੇ ਪੂਰੀ ਤਰ੍ਹਾਂ ਆਪਣੇ ਹੱਥਾਂ ਵਿੱਚ ਕਰਨਾ ਚਾਹੁੰਦੀ ਸੀ। ਪਰ ਦੂਸਰੇ ਪਾਸੇ ਹਰੇਕ ਸੂਬੇ ਵਿੱਚ ਵਿਦਰੋਹ ਦੀ ਚੰਗਿਆੜੀ ਭਾਂਬੜ ਬਣਨ ਲੱਗੀ, ਜਿਸ ਦੇ ਡਰ ਤੋਂ ਇੰਦਰਾ ਗਾਂਧੀ ਨੇ ਭਾਰਤ ਨੂੰ ਇੱਕ ਜੇਲ੍ਹ ਵਿੱਚ ਤਬਦੀਲ ਕਰ ਦਿੱਤਾ ਤੇ ਅਣਮਿੱਥੇ ਸਮੇਂ ਲਈ 'ਐਮਰਜੈਂਸੀ' ਲਾ ਦਿੱਤੀ।

* * * *

– ਸਰਬਜੀਤ ਸਿੰਘ ਘੁਮਾਣ

## ਖ਼ਾਲਸਾ ਪੰਥ ਦਾ ਜਾਂਬਾਜ਼ ਸਿਪਾਹੀ

# ਸ਼ਹੀਦ ਭਾਈ ਦਿਲਾਵਰ ਸਿੰਘ

ਪੰਜਾਬ ਦੀ ਧਰਤੀ ਉੱਤੇ ਜੇ ਅੱਜ ਵੀ ਦਾੜ੍ਹੀ-ਕੇਸ ਤੇ ਦਸਤਾਰ ਦਿੱਸ ਰਹੀ ਹੈ ਅਤੇ ਅੰਮ੍ਰਿਤਧਾਰੀ ਸਿੰਘਾਂ ਦੇ ਦੀਦਾਰੇ ਹੋ ਰਹੇ ਹਨ ਤਾਂ ਇਹ ਭਾਈ ਦਿਲਾਵਰ ਸਿੰਘ ਦੀ ਬਦੌਲਤ ਹੈ, ਜਿਸ ਨੇ ਆਪਣੇ ਸਰੀਰ ਦਾ ਫ਼ੀਤਾ-ਫ਼ੀਤਾ ਕਰ ਕੇ ਉਸ ਬੇਅੰਤ ਸਿਹੁੰ ਨੂੰ ਉਡਾ ਦਿੱਤਾ, ਜਿਸ ਨੇ ਸਿੱਖ ਨੌਜਵਾਨੀ ਦਾ ਖੁਰਾ-ਖੋਜ ਮਿਟਾ ਦੇਣ ਦੀ ਕਸਮ ਚੁੱਕੀ ਹੋਈ ਸੀ। ਸਿੱਖ ਨੌਜਵਾਨਾਂ ਦਾ ਇੱਕ ਵਾਢਿਓਂ ਹੋ ਰਿਹਾ ਕਤਲੇਆਮ ਬੇਅੰਤ ਸਿਹੁੰ ਦੀ ਮੌਤ ਦੇ ਨਾਲ਼ ਹੀ ਰੁਕ ਗਿਆ। ਇਸ ਮਗਰੋਂ ਪੰਜਾਬ ਵਿੱਚ ਸਿੱਖ ਮਾਂਵਾਂ, ਆਪਣੇ ਪੁੱਤਾਂ ਨੂੰ ਕੇਸ ਕਤਲ ਕਰਵਾਉਣ ਦੀ ਸਲਾਹ ਦੇਣੋਂ ਹਟ ਗਈਆਂ। ਸਿੱਖ ਗੱਭਰੂ ਫਿਰ ਮੜ੍ਹਕ-ਮਿਜਾਜ ਨਾਲ਼ ਤੁਰਨ ਲੱਗੇ। ਪਿੰਡਾਂ ਦੀਆਂ ਸੱਥਾਂ ਤੋਂ ਲੈ ਕੇ ਵੱਡੇ ਦਫ਼ਤਰਾਂ ਵਿੱਚ ਬੈਠਣ ਵਾਲ਼ੇ ਸਾਰੇ ਲੋਕ ਇੱਕੋ ਬੋਲੀ ਬੋਲਦੇ ਸਨ- "ਭਾਈ ਦਿਲਾਵਰ ਸਿੰਘ ਦੀ ਅਦੁੱਤੀ ਕੁਰਬਾਨੀ ਦਾ ਮੁੱਲ ਕੌਮ ਕਿਸੇ ਵੀ ਹਾਲਤ ਵਿੱਚ ਨਹੀਂ ਮੋੜ ਸਕਦੀ। ਜੇ ਬੇਅੰਤ ਸਿਹੁੰ ਜਿਊਂਦਾ ਰਹਿੰਦਾ ਤਾਂ ਪੰਜਾਬ ਵਿੱਚ ਸਿੱਖੀ ਦਾ ਬੀਜ ਨਾਸ਼ ਹੋ ਜਾਣਾ ਸੀ। ਸ਼ਹੀਦ ਦਿਲਾਵਰ ਸਿੰਘ ਦੇ ਮਾਪੇ ਧੰਨ ਹਨ, ਜਿਨ੍ਹਾਂ ਨੇ ਐਸਾ ਸੂਰਬੀਰ ਪੁੱਤ ਜਣਿਆ, ਜਿਸ ਨੇ 'ਸਰਬੱਤ ਦੇ ਭਲੇ' ਲਈ ਆਪਣੇ ਪ੍ਰਾਣਾਂ ਦੀ ਬਾਜੀ ਲਾ ਦਿੱਤੀ....।"

ਭਾਈ ਦਿਲਾਵਰ ਸਿੰਘ ਦਾ ਜਨਮ ਮਾਤਾ ਸੁਰਜੀਤ ਕੌਰ ਦੀ ਸੁਲੱਖਣੀ ਕੁੱਖੋਂ 18 ਅਗਸਤ 1970 ਨੂੰ ਆਪਣੇ ਨਾਨਕੇ ਪਿੰਡ ਕੋਟਕਪੂਰੇ ਦੇ ਕੋਲ ਪੰਜਗਰਾਈਂ ਵਿਖੇ ਹੋਇਆ ਸੀ। ਉਹਨਾਂ ਦੇ ਸਤਿਕਾਰਯੋਗ ਪਿਤਾ ਸ. ਹਰਨੇਕ ਸਿੰਘ ਆਪਣੇ ਜੱਦੀ ਪਿੰਡ ਬਠਿੰਡੇ ਕੋਲ਼ ਜੈ ਸਿੰਘ ਵਾਲ਼ੇ ਤੋਂ ਪਟਿਆਲ਼ੇ ਹੀ ਰਿਹਾਇਸ਼ ਲੈ ਗਏ ਸਨ, ਜਿੱਥੇ ਕਿ ਉਹ ਪੰਜਾਬੀ ਯੂਨੀਵਰਸਿਟੀ ਵਿੱਚ ਯੁਵਕ ਭਲਾਈ ਵਿਭਾਗ ਵਿੱਚ ਸਹਾਇਕ ਦੇ ਅਹੁਦੇ ਉੱਤੇ ਨੌਕਰੀ ਕਰਦੇ ਸਨ। ਭਾਈ ਦਿਲਾਵਰ ਸਿੰਘ ਦੇ ਦੋ ਹੋਰ ਭਰਾ ਸ. ਚਮਕੌਰ ਸਿੰਘ ਤੇ ਹਰਬਿੰਦਰ ਸਿੰਘ ਹਨ। ਭਾਈ ਦਿਲਾਵਰ ਸਿੰਘ ਦੀ ਪਾਲਣ-ਪੋਸ਼ਣ ਆਪਣੇ ਭਰਾਵਾਂ ਨਾਲ਼ ਹੀ ਪਟਿਆਲ਼ੇ ਦੇ ਗੁਰੂ ਨਾਨਕ ਨਗਰ ਮੁਹੱਲੇ ਵਿੱਚ 12 ਨੰਬਰ ਗਲ਼ੀ ਵਿੱਚ 1223 ਨੰਬਰ ਮਕਾਨ ਵਿੱਚ ਹੋਈ। ਭਾਈ ਦਿਲਾਵਰ ਸਿੰਘ ਨੇ 12ਵੀਂ ਤਕ ਦੀ ਪੜ੍ਹਾਈ ਮਲਟੀਪਰਪਜ਼ ਸਕੂਲ ਪਟਿਆਲ਼ਾ ਤੋਂ ਕੀਤੀ। ਉਸ ਨੇ ਬੀ.ਏ. ਵਿੱਚ ਦਾਖ਼ਲਾ ਲਿਆ, ਪਰ ਫੇਰ ਉਸ ਨੇ ਪੁਲੀਸ ਵਿੱਚ ਭਰਤੀ ਹੋਣ ਦਾ ਮਨ ਬਣਾ ਲਿਆ। ਉਹ ਵਧੀਆ ਦੌੜਾਕ ਸੀ। ਕੁਸ਼ਤੀ ਦਾ ਵੀ ਸ਼ੌਕੀਨ ਸੀ। ਸੁਭਾਅ ਤਾਂ ਸੰਗਾਊ ਜਿਹਾ ਸੀ, ਪਰ ਹਸਮੁੱਖ ਤੇ ਸ਼ਾਂਤ ਵੀ ਸੀ।

ਉਹਨੀਂ ਦਿਨੀਂ ਖਾੜਕੂ ਲਹਿਰ ਸਿਖ਼ਰ ਉੱਤੇ ਸੀ। ਸਿੱਖ ਗੱਭਰੂ ਸਿਰਾਂ ਉੱਤੇ ਖੱਫ਼ਣ ਬੰਨ੍ਹ ਕੇ ਖ਼ਾਲਿਸਤਾਨ ਦੀ ਕਾਇਮੀ ਲਈ ਨਿਤਰੇ ਹੋਏ ਸਨ। 1984 ਵਿੱਚ ਦਰਬਾਰ ਸਾਹਿਬ ਉੱਪਰ ਫ਼ੌਜੀ ਹਮਲੇ ਅਤੇ ਦਿੱਲੀ ਤੇ ਹੋਰਨਾਂ ਥਾਂਈਂ ਹੋਏ ਸਿੱਖਾਂ ਉੱਤੇ ਅੱਤਿਆਚਾਰਾਂ ਨੇ ਸਿੱਖ



ਸ਼ਹੀਦ ਭਾਈ ਦਿਲਾਵਰ ਸਿੰਘ

ਕੌਮ ਨੂੰ ਸਮਝਾ ਦਿੱਤਾ ਸੀ ਕਿ ਜੇ ਸਿੱਖੀ ਤੇ ਸਿੱਖਾਂ ਨੇ ਬਚਣਾ ਹੈ ਤਾਂ ਖ਼ਾਲਿਸਤਾਨ ਜ਼ਰੂਰੀ ਹੈ। ਹਕੂਮਤੀ ਨੀਤੀਆਂ ਬੁਰੀ ਤਰ੍ਹਾਂ ਫੇਲ੍ਹ ਹੋ ਰਹੀਆਂ ਸਨ ਤੇ ਦਿਨੋਂ-ਦਿਨ ਜੁਝਾਰੂ ਸਿੰਘ ਕੌਮੀ ਦੁਸ਼ਮਣਾਂ ਦਾ ਸਫ਼ਾਇਆ ਕਰੀ ਜਾਂਦੇ ਸਨ। ਇਹੋ ਜਿਹੇ ਮਾਹੌਲ ਵਿੱਚ ਕੁਹਾੜੇ ਦਾ ਦਸਤਾ ਬਣ ਕੇ ਕੇ.ਪੀ.ਐਸ. ਗਿੱਲ ਸਾਮ੍ਹਣੇ ਆਇਆ, ਜਿਸ ਨੂੰ ਦਿੱਲੀ ਦਰਬਾਰ ਨੇ ਸਿੱਖ ਸੰਘਰਸ਼ ਨੂੰ ਕੁਚਲਣ ਲਈ ਖੁੱਲ੍ਹੇ ਹਥਿਆਰ ਦੇ ਦਿੱਤੇ। ਕੇ.ਪੀ.ਐਸ. ਗਿੱਲ ਸਿੱਖਾਂ ਦੀ ਉਸ ਨਸਲ ਵਿੱਚੋਂ ਹੈ, ਜਿਹੜੀ ਉਸ ਭਾਰਤੀ ਨਿਜਾਮ ਦੀ ਖ਼ੈਰ-ਖਵਾਹ ਬਣੀ ਹੋਈ ਹੈ, ਜਿਸ ਨੇ ਸਿੱਖੀ ਤੇ ਸਿੱਖਾਂ ਦਾ ਘਾਣ ਕਰਨਾ ਸ਼ੁਰੂ ਕੀਤਾ ਹੋਇਆ ਹੈ। ਇਹ ਨਸਲ ਸਿੱਖ ਹੱਕਾਂ-ਹਿੱਤਾਂ ਦੇ ਉਲ਼ਟ ਹਮੇਸ਼ਾ ਹੀ ਹਿੰਦੁਸਤਾਨੀ ਸਿਸਟਮ ਦੀਆਂ ਖ਼ੁਸ਼ੀਆਂ ਲੈਣ ਲਈ ਤਤਪਰ ਰਹਿੰਦੀ ਹੈ। ਡੀ.ਜੀ.ਪੀ. ਬਣਦਿਆਂ ਹੀ ਗਿੱਲ ਨੇ ਜੁਝਾਰੂ ਸਿੰਘਾਂ ਦੇ ਖ਼ਾਤਮੇ ਲਈ ਨਵੀਆਂ ਨੀਤੀਆਂ ਲਾਗੂ ਕਰ ਦਿੱਤੀ। ਉਸ ਨੇ ਸਿੱਖ ਪੁਲਸੀਆਂ ਨੂੰ ਸਿੱਖ ਜੁਝਾਰੂਆਂ ਦਾ ਕਤਲ ਕਰਨ ਬਦਲੇ ਨਕਦ ਇਨਾਮ ਤੇ ਤਰੱਕੀ ਦੇ ਲਾਲਚ ਦੇ ਕੇ ਸਿੱਖਾਂ ਦਾ ਸਿੱਖਾਂ ਹੱਥੋਂ ਹੀ ਕਤਲੇਆਮ ਕਰਵਾਉਣਾ ਸ਼ੁਰੂ ਕਰ ਦਿੱਤਾ। ਭਾੜੇ ਦੇ ਟੱਟੂ ਬਣੇ ਹੋਏ ਪੁਲਸੀਏ ਸਿੱਖ ਨੌਜਵਾਨਾਂ ਦਾ ਸ਼ਿਕਾਰ ਕਰਨ ਲੱਗ ਪਏ। ਕੇ.ਪੀ.ਐਸ. ਗਿੱਲ ਬੜੇ ਹੰਕਾਰ ਨਾਲ਼ ਕਹਿੰਦਾ ਹੁੰਦਾ ਸੀ, "ਇਹ ਜੱਟਾਂ-ਸਿੱਖਾਂ (ਖਾੜਕੂਆਂ) ਦੀ ਜੱਟ-ਸਿੱਖਾਂ (ਪੁਲਸੀਆਂ) ਨਾਲ਼ ਟੱਕਰ ਹੈ...।" ਖ਼ੁਫ਼ੀਆ ਏਜੰਸੀਆਂ ਦੀਆਂ ਨੀਤੀਆਂ ਤਹਿਤ ਗਿੱਲ ਨੇ ਇਹ ਟੱਕਰ ਕਰਵਾ ਦਿਤੀ ਸੀ।

ਗਿੱਲ ਨੇ ਹੋਰ ਅਗਲੀ ਚਾਲ ਚੱਲਦਿਆਂ ਹੋਮਗਾਰਡ ਤੇ ਐਸ.ਪੀ.ਓ. ਦੀ ਭਰਤੀ ਖੋਲ੍ਹ ਦਿੱਤੀ। ਬਿਲਕੁਲ ਮਮੂਲੀ ਤਨਖ਼ਾਹ ਉੱਤੇ ਭਰਤੀ ਕੀਤੇ ਐਸ.ਪੀ.ਓ., ਪੰਜਾਬ ਪੁਲੀਸ, ਸੀ.ਆਰ.ਪੀ. ਤੇ ਹੋਰ ਸੁਰੱਖਿਆ ਦਸਤਿਆਂ ਤੋਂ ਮੂਹਰੇ ਮਰਵਾਉਣ ਲਈ ਭਰਤੀ ਕੀਤੇ ਗਏ ਸਨ। ਬੇਰੁਜ਼ਗਾਰੀ ਦੇ ਮਾਰੇ ਹਜ਼ਾਰਾਂ ਨੌਜਵਾਨ ਐਸ.ਪੀ.ਓ. ਭਰਤੀ ਹੋ ਗਏ। ਨਾਕਿਆਂ, ਛਾਪਿਆਂ ਤੇ ਮੁਕਾਬਲਿਆਂ ਮੌਕੇ ਐਸ.ਪੀ.ਓ. ਬਲ਼ਦੀ ਦੇ ਬੂਥੇ ਧੱਕੇ ਜਾਂਦੇ। ਇਹ ਭਰਮ ਫ਼ੈਲਾ ਦਿੱਤਾ ਗਿਆ ਕਿ ਜੇ ਐਸ.ਪੀ.ਓ. ਤੇ ਹੋਮਗਾਰਡ ਵਾਲ਼ੇ ਕੋਈ ਕਾਰਨਾਮਾ ਕਰ ਵਿਖਾਉਣਗੇ ਤਾਂ ਪੰਜਾਬ ਪੁਲੀਸ ਵਿੱਚ ਲੈ ਲਏ ਜਾਣਗੇ। ਪੱਕੀ ਨੌਕਰੀ ਦੀ ਆਸ ਵਿੱਚ ਹਜ਼ਾਰਾਂ ਨੌਜਵਾਨ ਐਸ.ਪੀ.ਓ. ਭਰਤੀ ਹੋਏ।

ਐਡੀ ਵੱਡੀ ਗਿਣਤੀ ਵਿੱਚ ਭਰਤੀ ਇੱਕ ਸ਼ਾਤਰ ਚਾਲ ਦਾ ਹਿੱਸਾ ਸੀ। ਜਦੋਂ ਖ਼ਾਕੀ ਵਰਦੀ ਪਾ ਨੇ ਐਸ.ਪੀ.ਓ. ਤੇ ਹੋਮਗਾਰਡ ਵਿੱਚ ਭਰਤੀ ਹੋਏ ਸਿੱਖ ਗੱਭਰੂ ਖ਼ੁਦ ਨੂੰ 'ਪੁਲਸੀਏ' ਸਮਝਣ ਲੱਗ ਪਏ ਤਾਂ ਗਿੱਲ ਨੇ ਕੈਟ-ਪਾਰਟੀਆਂ ਨੂੰ ਹੁਕਮ ਦੇ ਦਿੱਤਾ ਕਿ ਉਹ ਖਾੜਕੂ ਸਿੰਘਾਂ ਦੇ ਭੇਸ ਵਿੱਚ ਉਹਨਾਂ ਪੁਲਸੀਆਂ ਦੇ ਪਰਿਵਾਰਕ ਮੈਂਬਰਾਂ ਦੇ ਕਤਲੇਆਮ ਕਰਨ, ਜਿਹੜੇ ਕਿ ਸਿੱਖ ਜੁਝਾਰੂਆਂ ਪ੍ਰਤੀ ਨਰਮਾਈ ਰੱਖਦੇ ਹਨ। ਕਈ ਪੁਲੀਸ ਮੁਲਾਜ਼ਮ, ਬੇਦੋਸ਼ੇ ਸਿੱਖਾਂ ਦੇ ਕਤਲ ਕਰਨੋਂ ਇਨਕਾਰ ਕਰ ਦਿੰਦੇ ਸਨ। ਕਈ ਮੁਲਾਜ਼ਮ ਕਿਸੇ ਤਰੀਕੇ ਨਾਲ਼ ਥਾਣੇ ਤੋਂ ਬਾਹਰ ਸੁਨੇਹਾ ਭੇਜ ਦਿੰਦੇ ਸਨ ਕਿ ਤੁਹਾਡਾ ਬੰਦਾ ਐਸ ਥਾਣੇ ਹੈ। ਇਹੋ ਜਿਹੇ ਪੁਲੀਸ ਮੁਲਾਜ਼ਮਾਂ ਦੀਆਂ ਲਿਸਟਾਂ ਬਣਵਾ ਕੇ ਗਿੱਲ ਨੇ ਕੈਟ ਪਾਰਟੀਆਂ ਨੂੰ ਕਾਰਵਾਈ ਦਾ ਇਸ਼ਾਰਾ ਕਰ ਦਿੱਤਾ। ਜਦੋਂ ਅਖ਼ਬਾਰਾਂ ਵਿੱਚ ਪੁਲੀਸ ਮੁਲਾਜ਼ਮਾਂ ਦੇ ਪਰਿਵਾਰਾਂ ਨੂੰ ਮਾਰੇ ਜਾਣ ਦੀਆਂ ਖ਼ਬਰਾਂ ਛਪੀਆਂ ਤਾਂ ਹਰੇਕ ਖ਼ਾਕੀ ਵਰਦੀਧਾਰੀ ਇਹੀ ਸੋਚਣ ਲੱਗ ਪਿਆ ਕਿ ਜੁਝਾਰੂਆਂ ਨੂੰ ਖ਼ਤਮ ਕਰਨਾ ਬੇਹੱਦ ਜ਼ਰੂਰੀ ਹੈ, ਨਹੀਂ ਤਾਂ ਉਹ ਸਾਨੂੰ ਮਾਰ ਦੇਣਗੇ। ਹਕੂਮਤੀ ਚਾਲਾਂ ਤੋਂ ਅਣਜਾਣ ਇਹ ਪੁਲਸੀਏ ਹੈਰਾਨ ਸਨ ਕਿ ਅਸੀ ਤਾਂ ਕਦੇ ਵੀ ਸਿੱਖ-ਵਿਰੋਧੀ ਕੰਮ ਨਹੀ ਕੀਤਾ, ਸਗੋਂ ਨੌਕਰੀ ਖ਼ਤਰੇ ਵਿੱਚ ਪਾ ਕੇ ਵੀ ਸੁਨੇਹੇ ਦਿੰਦੇ ਰਹੇ, ਪਰ ਇਹ ਕਿਹੋ ਜਿਹੇ ਜੁਝਾਰੂ ਹਨ ਜੋ ਸਾਡੇ ਹੀ ਟੱਬਰ ਮਾਰੀ ਜਾ ਰਹੇ ਹਨ?

ਹਾਲ ਇਹ ਸੀ ਕਿ ਹਰ ਜੁਝਾਰੂ ਸਿੰਘ ਦੇ ਪ੍ਰਭਾਵ ਵਾਲ਼ੇ ਇਲਾਕੇ ਵਿੱਚ ਕੈਟਾਂ ਨੇ ਇਹੋ ਜਿਹੀਆਂ ਕਾਰਵਾਈਆਂ ਕੀਤੀਆਂ ਕਿ ਜਿਹੜੇ ਲੋਕ ਕੱਲ੍ਹ ਤਕ ਸਿੰਘਾਂ ਨੂੰ ਹਰ ਤਰ੍ਹਾਂ ਸਮਰਥਨ ਦੇ ਰਹੇ ਸੀ, ਓਹੀ ਉਹਨਾਂ ਦੇ ਖ਼ਿਲਾਫ਼ ਹੋ ਗਏ। ਲੁੱਟਾਂ-ਖੋਹਾਂ, ਕਤਲਾਂ ਤੇ ਫ਼ਿਰੌਤੀਆਂ ਦਾ ਬਜ਼ਾਰ ਗਰਮ ਸੀ। ਕਿਧਰੇ ਕਾਲ਼ੇ ਕੱਛਿਆਂ ਵਾਲਿਆਂ ਨੇ ਦਹਿਸ਼ਤ ਪਾਈ ਹੋਈ ਸੀ ਤੇ ਕਿਧਰੇ ਵਰਦੀਧਾਰੀ ਲੁਟੇਰਿਆਂ ਨੇ ਲੋਕਾਂ ਦਾ ਜੀਣਾ ਮੁਹਾਲ ਕੀਤਾ ਹੋਇਆ ਸੀ। ਆਮ ਲੋਕਾਂ ਨੂੰ ਪਤਾ ਹੀ ਨਹੀਂ ਸੀ ਲੱਗ ਰਿਹਾ ਕਿ ਉਹਨਾਂ ਦੇ ਘਰ ਪੀਲੇ ਪਰਨੇ ਤੇ ਚਿੱਟੇ-ਕੁਰਤੇ ਪਜਾਮੇ ਵਿੱਚ ਆਏ ਇਹ ਹਥਿਆਰਬੰਦ ਬੰਦੇ ਜੁਝਾਰੂ ਹਨ ਕਿ ਪੁਲੀਸ ਦੇ ਕੈਟ? ਫੜੇ ਗਏ ਜੁਝਾਰੂਆਂ 'ਤੇ ਬੇਤਹਾਸ਼ਾ

ਤਸ਼ੱਦਦ ਮਗਰੋਂ ਨਸ਼ਰ ਹੋਈਆਂ ਠਾਹਰਾਂ ਤੇ ਸਮਰਥਕਾਂ ਦੇ ਘਰਾਂ ਵਿੱਚ ਕੈਟ-ਪਾਰਟੀਆਂ ਜਾ ਕੇ ਇਖ਼ਲਾਕਹੀਣ ਕਾਰਵਾਈਆਂ ਕਰਦੀਆਂ। ਅਗਲੇ ਦਿਨ ਪੁਲੀਸ ਪੁੱਜ ਜਾਂਦੀ ਕਿ ਇੱਥੇ ਰਾਤ ਜੁਝਾਰੂ ਆਏ ਸੀ। ਘਰ ਵਾਲ਼ੇ ਕੀ ਦੱਸਦੇ ਕਿ ਰਾਤ ਜੋ 'ਖਾੜਕੂ' ਆਏ ਸੀ, ਉਹਨਾਂ ਨੇ ਤਾਂ ਉਹ ਕਰਤੂਤਾਂ ਕੀਤੀਆਂ ਹਨ ਕਿ ਦੱਸ ਵੀ ਨਹੀਂ ਸਕਦੇ! ਇੰਝ ਹਰ ਹਰਬਾ ਵਰਤ ਕੇ ਲੋਕਾਂ ਵਿੱਚ ਖਾੜਕੂਆਂ ਪ੍ਰਤੀ ਨਫ਼ਰਤ ਫ਼ੈਲਾਈ ਗਈ।

ਗਿੱਲ ਦੀਆਂ ਸ਼ੈਤਾਨੀ ਚਾਲਾਂ ਨੇ ਸਿੱਖਾਂ ਨੂੰ ਸਿੱਖਾਂ ਹੱਥੋਂ ਮਾਰਨ ਦਾ ਮਾਹੌਲ ਤਿਆਰ ਕਰ ਦਿੱਤਾ। ਦੋਵੇਂ ਪਾਸੇ ਸਿੱਖਾਂ ਦੇ ਪੁੱਤ ਇੱਕ-ਦੂਜੇ ਦੇ ਖ਼ੂਨ ਦੇ ਪਿਆਸੇ ਬਣ ਕੇ ਨਿੱਤਰ ਆਏ। ਜਿਹੜੀ ਅਸਾਲਟ ਖਾੜਕੂਆਂ ਨੇ ਦਿੱਲੀ ਦਰਬਾਰ ਖ਼ਿਲਾਫ਼ ਚੁੱਕੀ ਸੀ, ਪਤਾ ਹੀ ਨਾ ਲੱਗਾ ਕਿ ਕਦੋਂ ਉਸ ਦੀ ਬੈਰਲ ਸਿੱਖ ਪੁਲਸੀਆਂ ਵੱਲ ਘੁੰਮ ਗਈ। ਜਿਹੜੀ ਪੁਲੀਸ ਇੱਕ ਸਮੇਂ ਤਕ ਆਪਣੇ ਕੰਮ ਵੱਲ ਹੀ ਧਿਆਨ ਰੱਖਦੀ ਸੀ, ਉਹ ਦੁਸ਼ਮਣ ਦੀਆਂ ਚਾਲਾਂ ਵਿੱਚ ਫੱਸ ਕੇ ਹਰ ਸਿੱਖ ਨੌਜਵਾਨ ਨੂੰ ਆਪਣਾ ਵੈਰੀ ਮੰਨਣ ਲੱਗ ਪਈ।

ਸਿੱਖਾਂ ਦੇ ਇਸ ਕਤਲੇਆਮ ਨੂੰ ਨੇਪਰੇ ਚਾੜ੍ਹਨ ਲਈ ਦਿੱਲੀ ਦਰਬਾਰ ਨੂੰ ਇੱਕ ਸਿੱਖ ਮੁੱਖ ਮੰਤਰੀ ਦੀ ਲੋੜ ਸੀ। ਸੋ, ਖ਼ੁਫ਼ੀਆ ਏਜੰਸੀਆਂ ਦੀਆਂ ਸ਼ਾਤਰਾਨਾ ਚਾਲਾਂ ਸਦਕਾ ਬੇਅੰਤ ਸਿਹੁੰ ਨਾਂ ਦਾ ਸਖ਼ਸ਼ ਮੁੱਖ ਮੰਤਰੀ ਦੀ ਕੁਰਸੀ ਉੱਤੇ ਬੈਠਿਆ, ਜਿਸ ਦੀ ਪੱਗ, ਦਾੜ੍ਹੇ, ਕੇਸ ਤੋਂ ਬਿਨਾਂ ਬਾਕੀ ਸਭ ਕੁਝ ਸਿੱਖੀ ਦੇ ਵੈਰੀਆਂ ਵਾਲ਼ਾ ਸੀ। ਜ਼ਕਰੀਏ, ਮੱਸੇ ਰੰਘੜ, ਲਖਪਤ ਰਾਏ ਵਰਗੇ ਬੁੱਚੜਾਂ ਵਾਲ਼ੀ ਨੀਚ ਬਿਰਤੀ ਦੇ ਮਾਲਕ ਬੇਅੰਤ ਸਿਹੁੰ ਨੂੰ ਸਿੱਖੀ ਤੇ ਸਿੱਖਾਂ ਨਾਲ਼ ਖ਼ਾਸੀ ਨਫ਼ਰਤ ਸੀ। ਫ਼ਰਵਰੀ 1992 ਨੂੰ ਬੇਅੰਤ ਸਿਹੁੰ ਮੁੱਖ ਮੰਤਰੀ ਬਣਿਆ। ਬੇਅੰਤ ਸਿਹੁੰ ਦੇ ਰਾਜ ਵਿੱਚ ਕੇ.ਪੀ.ਐਸ. ਗਿੱਲ ਦੀ ਤੂਤੀ ਬੋਲਦੀ ਸੀ। ਸਿੱਖ ਨੌਜਵਾਨੀ ਦਾ ਕਤਲੇਆਮ ਹੋਰ ਵੀ ਜ਼ੋਰ-ਸ਼ੋਰ ਨਾਲ਼ ਤੇਜ਼ ਕਰ ਦਿੱਤਾ ਗਿਆ। ਇਹ ਉਹ ਦਿਨ ਸਨ, ਜਦ ਹਰ ਮਾਂ ਆਪਣੇ ਪੁੱਤ ਬਾਰੇ ਚਿੰਤਿਤ ਰਹਿੰਦੀ ਸੀ ਕਿ ਉਹ ਸੁੱਖੀ-ਸਾਂਦੀ ਘਰ ਮੁੜ ਆਵੇ। ਘਰੋਂ ਗਏ ਪੁੱਤ ਖੇਤਾਂ, ਬਜ਼ਾਰਾਂ, ਬੱਸਾਂ ਵਿੱਚੋਂ ਚੁੱਕ-ਚੁੱਕ ਕੇ ਮਾਰੇ ਜਾਂਦੇ ਤੇ 'ਖ਼ਤਰਨਾਕ ਖਾੜਕੂ' ਮਾਰੇ ਜਾਣ ਦੀਆਂ ਖ਼ਬਰਾਂ ਛਪ ਜਾਂਦੀਆਂ।

ਗਿੱਲ ਤੇ ਬੇਅੰਤ ਦੀ ਜੋੜੀ ਮਾਰੇ ਗਏ ਹਰ ਗੱਭਰੂ ਨੂੰ ਖ਼ਤਰਨਾਕ ਖਾੜਕੂ ਹੀ ਦੱਸਦੀ। ਦੋਵੇਂ ਜਣੇ ਪੰਜਾਬ ਪੁਲੀਸ ਨੂੰ ਹੋਰ ਕਤਲ ਕਰਨ ਲਈ ਸ਼ਹਿ ਦਿੰਦੇ। ਹਕੂਮਤ ਦੀ ਨੀਤੀ ਸੀ ਕਿ ਹਰ ਗੁਰਸਿੱਖ ਖ਼ਤਮ ਕਰ ਦੇਵੋ। ਬਾਣੀ ਤੇ ਬਾਣੇ ਵਿੱਚ ਪਰਪੱਕ ਹਰ ਗੁਰਸਿੱਖ ਨੂੰ “ਹੁਣ ਦਾ ਕੱਟੜ ਦਹਿਸ਼ਤਗਰਦ ਜਾਂ ਭਵਿੱਖ ਦਾ ਦਹਿਸ਼ਤਗਰਦ” ਮੰਨ ਲਿਆ ਗਿਆ ਸੀ। ਜਿੰਨਾ ਵੱਧ ਕੋਈ ਪੁਲਸੀਆ ਜ਼ਾਲਮ ਹੁੰਦਾ, ਓਨਾ ਵੱਡਾ ਅਹੁਦਾ ਮਿਲ ਜਾਂਦਾ। ਬੰਦੇ ਮਾਰਨਾ ਹੀ ਗਿੱਲ-ਬੇਅੰਤ ਜੋੜੀ ਲਈ ਸਭ ਤੋਂ ਵੱਡਾ ਪੈਮਾਨਾ ਸੀ। ਦਿੱਲੀ ਤੋਂ ਕੁਝ ਕੁ ਅਫ਼ਸਰਾਂ ਨੂੰ ਵਿਸ਼ੇਸ਼ ਹੱਕ ਮਿਲ਼ੇ ਹੋਏ ਸਨ ਤੇ ਉਹ ਕਿਸੇ ਨੂੰ ਵੀ ਕੱਖ ਨਹੀ ਸੀ ਗੌਲ਼ਦੇ। ਫ਼ੌਜ ਪਿੰਡਾਂ ਨੂੰ ਘੇਰ ਲੈਂਦੀ ਤੇ ਸਾਰੇ ਪਿੰਡ ਵਾਸੀਆਂ ਵਿੱਚੋਂ ਪੁਲੀਸ ਵਾਲ਼ੇ 15 ਤੋਂ 35 ਸਾਲ ਦੇ ਜਵਾਨਾਂ ਨੂੰ ਚੁਣ ਲੈਂਦੇ। ਕਈ ਮਾਰੇ ਜਾਂਦੇ, ਕਈ ਬੇਤਹਾਸ਼ਾ ਤਸੀਹੇ ਝੱਲਣ ਮਗਰੋਂ ਭਾਰੀ ਰਕਮਾਂ ਦੇ ਕੇ ਬਚ ਜਾਂਦੇ। ਹਰੇਕ ਸਿੱਖ ਨੂੰ ਡਰਾ ਦੇਣ, ਝੁਕਾ ਦੇਣ ਤੇ ਅਹਿਸਾਸ ਕਰਵਾ ਦੇਣ ਦੀ ਲਹਿਰ ਜੋਬਨ ਉੱਤੇ ਸੀ ਕਿ ਜੇ ਚੂੰ-ਚਾਂ ਕੀਤੀ ਤਾਂ ਹਿੰਦੁਸਤਾਨੀ ਗੋਲ਼ੀ ਤਿਆਰ ਹੈ! ਹੋਰ ਤਾਂ ਹੋਰ ਅਕਾਲ ਤਖ਼ਤ ਸਾਹਿਬ ਦੇ ਸਾਬਕਾ ਜਥੇਦਾਰ ਭਾਈ ਗੁਰਦੇਵ ਸਿੰਘ ਕਾਉਂਕੇ ਨੂੰ ਵੀ ਚੁੱਕ ਕੇ ਗਾਇਬ ਕਰ ਦਿੱਤਾ। ਹਾਲ ਇੱਥੋਂ ਤਕ ਬਣ ਗਏ ਕਿ ਜੇ 1 ਦਸੰਬਰ 1992 ਨੂੰ ਖਾੜਕੂਆਂ ਵੱਲੋਂ 16 ਬੱਸ ਸਵਾਰਾਂ ਨੂੰ ਮਾਰਨ ਦੀ ਖ਼ਬਰ ਆਈ ਤਾਂ ਪੁਲੀਸ ਨੇ ਅਗਲੇ ਹੀ ਦਿਨ 19 ਖਾੜਕੂਆਂ ਨੂੰ ਮਖੂ ਨੇੜੇ ਮਾਰਨ ਦਾ ਦਾਅਵਾ ਕਰ ਦਿੱਤਾ। ਬੇਸ਼ੱਕ ਇਹ ਫੜੇ ਹੋਏ ਸਿੱਖ ਨੌਜਵਾਨ ਹੀ ਸਨ। ਇਸ ਤਰ੍ਹਾਂ ਗਿੱਲ-ਬੇਅੰਤ ਦੀ ਜੋੜੀ ਸੁਨੇਹਾ ਦੇ ਰਹੀ ਸੀ ਕਿ ਜੇ ਖਾੜਕੂਆਂ ਨੇ ਕੋਈ ਕਾਰਵਾਈ ਕੀਤੀ ਤਾਂ ਅਸੀਂ ਖਾੜਕੂਆਂ ਦੇ ਰਿਸ਼ਤੇਦਾਰ, ਭੈਣ-ਭਰਾ ਮਾਰ ਦਿਆਂਗੇ ਜਾਂ ਬਰਾਬਰ ਗਿਣਤੀ ਵਿੱਚ ਆਮ ਸਿੱਖ ਨੌਜਵਾਨ ਮਾਰਾਂਗੇ ਤਾਂ ਜੋ ਲੋਕ ਖਾੜਕੂਆਂ ਤੋਂ ਬਦਜਨ ਹੋ ਜਾਣ। ਪੁਲੀਸ ਨੂੰ ਖੁੱਲ੍ਹੇ ਹੱਕ ਮਿਲ਼ੇ ਹੋਏ ਸਨ ਤੇ ਅਣਪਛਾਤੀਆਂ ਲਾਸ਼ਾਂ ਦਾ ਸਿਲਸਿਲਾ ਜ਼ੋਰਾਂ ਉੱਤੇ ਸੀ।

ਸਿੱਖਾਂ ਦੇ ਇਸ ਕਤਲੇਆਮ ਤੋਂ ਬਚਣ ਲਈ ਬਹੁਤੇ ਸਿੱਖ ਨੌਜਵਾਨਾਂ ਨੇ ਕੇਸ ਕਤਲ ਕਰਵਾ ਦੇਣ ਦੀ ਸੋਚ ਸੋਚੀ ਤਾਂ ਜੋ ਉਹਨਾਂ ਨੂੰ ਖਾੜਕੂ ਜਾਂ ਸਿੱਖ ਨਾ ਸਮਝਿਆ ਜਾਵੇ। ਇਹ ਰੁਝਾਨ ਪੁਲੀਸ ਦੇ ਅੰਦਰ ਵੀ ਵਧ ਗਿਆ ਸੀ ਤੇ ਸਿੱਖ ਪੁਲਸੀਏ ਬੜੀ ਤੇਜੀ ਨਾਲ਼ ਦਾੜ੍ਹੇ-ਕੇਸ ਨੂੰ ਤਿਆਗ ਰਹੇ ਸਨ। ਹਰ ਪੁਲਸੀਆ ਇਹ ਦਰਸਾਉਣ ਲਈ ਕਾਹਲ਼ਾ ਸੀ ਕਿ ਉਹ ਸਿੱਖੀ ਦੀ ਕੋਈ ਪਰਵਾਹ ਨਹੀਂ ਕਰਦਾ। ਕਾਬੂ ਆਏ ਸਿੱਖਾਂ ਦੇ ਕਕਾਰਾਂ ਦੀ ਬੇਅਦਬੀ ਕਰ ਕੇ, ਸਿੱਖ ਜਜ਼ਬਾਤਾਂ ਖ਼ਿਲਾਫ਼ ਬੋਲ ਕੇ ਤੇ ਹੋਰ ਤਰੀਕਿਆਂ ਨਾਲ਼ ਹਰ ਪੁਲਸੀਆ ਇੰਝ ਪ੍ਰਭਾਵ ਦੇ ਰਿਹਾ ਸੀ ਜਿਵੇਂ ਉਸ ਨੂੰ ਡਰ ਹੋਵੇ ਕਿ ਕਿਤੇ ਉਸ ਨੂੰ ਸਿੱਖੀ ਜਾਂ ਸਿੱਖਾਂ ਦਾ ਪੱਖੀ ਨਾ ਸਮਝ ਲਿਆ ਜਾਵੇ। ਸਿੱਖੀ ਨਾਲ਼ੋਂ ਸਿੱਖਾਂ ਨੂੰ ਤੋੜ ਦੇਣ ਵਾਲ਼ੇ ਇਸ ਵਰਤਾਰੇ ਦੀ ਵਾਗਡੋਰ ਤਾਂ ਭਾਵੇਂ ਦਿੱਲੀ ਦੀਆਂ ਏਜੰਸੀਆਂ ਦੇ ਹੱਥ ਵਿੱਚ ਸੀ, ਪਰ ਮੋਹਰੀ ਲੰਬੜਦਾਰ ਬੇਅੰਤ ਤੇ ਗਿੱਲ ਬਣੇ ਹੋਏ ਸਨ।

ਇਹੋ ਜਿਹੇ ਮਾਹੌਲ ਵਿੱਚ 9 ਜੂਨ 1993 ਨੂੰ ਭਾਈ ਦਿਲਾਵਰ ਸਿੰਘ ਐਸ.ਪੀ.ਓ. ਭਰਤੀ ਹੋ ਗਿਆ। ਉਸ ਦੀ ਡਿਊਟੀ ਪਟਿਆਲ਼ੇ ਦੇ ਐਸ.ਪੀ. ਅਪਰੇਸ਼ਨ ਦੇ ਗੰਨਮੈਨ ਵਜੋਂ ਸੀ। ਕੁਝ ਸਮਾਂ ਉਸ ਨੇ ਫ਼ਤਹਿਗੜ੍ਹ ਸਾਹਿਬ ਵੀ ਡਿਊਟੀ ਕੀਤੀ, ਪਰ ਜ਼ਿਆਦਾ ਕਰਕੇ ਉਹ ਪਟਿਆਲ਼ੇ ਹੀ ਰਿਹਾ। ਡਿਊਟੀ ਦੌਰਾਨ ਉਸ ਨੇ ਸਿੱਖ ਜਵਾਨੀ ਦੇ ਹੋ ਰਹੇ ਕਤਲੇਆਮ ਨੂੰ ਅੱਖੀਂ ਵੇਖਿਆ। ਬੁੱਢੇ ਮਾਪੇ ਤੇ ਪੰਚਾਇਤਾਂ ਦੋਹਾਈਆਂ ਦਿੰਦੇ ਅਫ਼ਸਰਾਂ ਕੋਲ਼ ਆਉਂਦੇ, ਪਰ ਅਫ਼ਸਰ ਇਸ ਗੱਲ ਤੋਂ ਸਾਫ਼ ਮੁੱਕਰ ਜਾਂਦੇ ਕਿ ਉਹਨਾਂ ਨੇ ਕਿਸੇ ਸਿੱਖ ਨੌਜਵਾਨ ਨੂੰ ਫੜ ਕੇ ਲਿਆਂਦਾ ਹੈ। ਜਿਸ ਨੌਜਵਾਨ ਦੀ ਗ੍ਰਿਫ਼ਤਾਰੀ ਤੋਂ ਪੁਲੀਸ ਅਫ਼ਸਰ ਇਨਕਾਰ ਕਰ ਰਹੇ ਹੁੰਦੇ ਸੀ, ਉਸ ਉੱਪਰ ਮਗਰਲੇ ਕਮਰੇ ਵਿੱਚ ਹੀ ਬੁਰੀ ਤਰ੍ਹਾਂ ਤਸ਼ੱਦਦ ਢਾਹਿਆ ਜਾ ਰਿਹਾ ਹੁੰਦਾ ਸੀ। ਤਸੀਹਿਆਂ ਦੀ ਤਾਬ ਨਾ ਝੱਲਦਾ ਕੋਈ ਬੇਦੋਸ਼ਾ ਮਰ ਜਾਂਦਾ ਤਾ ਅਗਲੇ ਦਿਨ ਅਖ਼ਬਾਰਾਂ ਵਿੱਚ ਉਸ ਦੇ ਪੁਲੀਸ ਮੁਕਾਬਲੇ ਵਿੱਚ ਮਾਰੇ ਜਾਣ ਦੀ ਕਹਾਣੀ ਛਪ ਜਾਂਦੀ। ਇਹ ਸਭ ਕੁਝ ਵੇਖਣਾ ਤੇ ਚੁੱਪ ਰਹਿਣਾ ਭਾਈ ਦਿਲਾਵਰ ਸਿੰਘ ਵਰਗੇ ਕੋਮਲ-ਹਿਰਦੇ ਵਾਲ਼ੇ ਮਨੁੱਖ ਲਈ ਨਾ-ਮੁਮਕਿਨ ਸੀ।

ਮਾਹੌਲ ਵਿੱਚ ਸ਼ੱਕ, ਬੇਭਰੋਸਗੀ ਤੇ ਬੇਵਿਸ਼ਵਾਸੀ ਦੀ ਇੰਤਹਾ ਸੀ ਕਿ ਕੋਈ ਪੁਲਸੀਆ ਵੀ ਦੂਜੇ ਪੁਲਸੀਏ ਕੋਲ਼ ਇਸ ਜ਼ੁਲਮ ਦੀ ਚਰਚਾ ਤਕ ਨਹੀਂ ਸੀ ਕਰਦਾ। ਥਾਣਿਆਂ ਵਿੱਚ ਲੁੱਟੀਆਂ ਜਾਂਦੀਆਂ ਕੁੜੀਆਂ ਦੀਆਂ ਪੱਤਾਂ ਦਾ ਦਰਦ ਆਖ਼ਰ ਕੋਈ ਕਿੰਨਾ ਕੁ ਜ਼ਰਦਾ? ਬੇਦੋਸ਼ੇ ਲੋਕਾਂ ਦਾ ਹੋ ਰਿਹਾ ਘਾਣ ਕਿੰਨਾ ਕੁ ਚਿਰ ਕੋਈ ਵੇਖਦਾ? ਪਤਾ ਨਹੀਂ ਉਹ ਕਿਹੜਾ ਵੇਲ਼ਾ ਸੀ, ਜਦ ਭਾਈ ਦਿਲਾਵਰ ਸਿੰਘ ਨੇ ਤੇ ਭਾਈ ਬਲਵੰਤ ਸਿੰਘ ਨੇ ਇਸ ਜ਼ੁਲਮ ਉੱਤੇ ਚਰਚਾ ਕੀਤੀ।

ਭਾਈ ਬਲਵੰਤ ਸਿੰਘ ਲੁਧਿਆਣੇ ਜ਼ਿਲ੍ਹੇ ਦੇ ਪਿੰਡ ਰਾਜੋਆਣੇ ਤੋਂ ਸੀ ਤੇ ਪੰਜਾਬ ਪੁਲੀਸ ਵਿੱਚ ਭਰਤੀ ਹੋ ਕੇ 'ਜੱਗਬਾਣੀ' ਅਖ਼ਬਾਰ ਦੇ ਪਟਿਆਲ਼ੇ ਵਾਲ਼ੇ ਪੱਤਰਕਾਰ ਭੂਸ਼ਨ ਸਰਹਿੰਦੀ ਨਾਲ਼ ਗੰਨਮੈਨ ਦੀ ਡਿਊਟੀ ਕਰ ਰਿਹਾ ਸੀ। ਭਾਈ ਬਲਵੰਤ ਸਿੰਘ ਵੀ ਗਿੱਲ ਤੇ ਬੇਅੰਤ ਦੀ ਜੋੜੀ ਵੱਲੋਂ ਸਿੱਖ ਜਵਾਨੀ ਦੇ ਹੋ ਰਹੇ ਕਤਲੇਆਮ ਤੋਂ ਦੁਖੀ ਸੀ, ਦੋਹਾਂ ਮਿੱਤਰਾਂ ਦੀ ਅਕਸਰ ਇਸ ਜ਼ੁਲਮ ਨੂੰ ਠੱਲਣ ਬਾਰੇ ਚਰਚਾ ਹੁੰਦੀ ਰਹਿੰਦੀ। ਗੁਰੂ ਨਾਨਕ ਨਗਰ ਮੁਹੱਲੇ ਵਿੱਚ ਹੀ ਰਹਿੰਦੇ ਰਹੇ ਭਾਈ ਲਖਵਿੰਦਰ ਸਿੰਘ ਨਾਲ਼ ਵੀ ਇਹਨਾਂ ਦੋਹਾਂ ਦੋਸਤਾਂ ਦੀ ਗੱਲਬਾਤ ਹੁੰਦੀ ਰਹਿੰਦੀ ਸੀ। ਭਾਈ ਲਖਵਿੰਦਰ ਸਿੰਘ 8ਵੀਂ ਤੋਂ 10ਵੀਂ ਤਕ ਭਾਈ ਦਿਲਾਵਰ ਸਿੰਘ ਦੇ ਨਾਲ਼ ਹੀ ਸਕੂਲ ਵਿੱਚ ਪੜ੍ਹਿਆ ਸੀ ਤੇ ਹੁਣ ਪੰਜਾਬ ਪੁਲੀਸ ਵਿੱਚ ਮੁਲਾਜ਼ਮ ਸੀ।

18 ਸਤੰਬਰ 1994 ਨੂੰ ਅਫ਼ਸਰਾਂ ਨੇ ਭਾਈ ਦਿਲਾਵਰ ਸਿੰਘ ਨੂੰ ਐਸ.ਪੀ.ਓ. ਦੀ ਨੌਕਰੀ ਤੋਂ ਜਵਾਬ ਦੇ ਦਿੱਤਾ। ਸ਼ਾਇਦ ਹੁਣ ਅਫ਼ਸਰਸ਼ਾਹੀ ਨੂੰ ਐਸ.ਪੀ.ਓ. ਭਰਤੀ ਕੀਤੇ ਸਿੱਖ ਨੌਜਵਾਨਾਂ ਦੀ ਪਹਿਲਾਂ ਵਰਗੀ ਲੋੜ ਨਹੀਂ ਸੀ ਰਹੀ। ਚੰਗੇ-ਚੰਗੇ ਘਰਾਂ ਦੇ ਪੁੱਤ, ਐਸ.ਪੀ.ਓ. ਭਰਤੀ ਹੋ ਕੇ ਲੰਮੇ ਸਮੇਂ ਤੋਂ ਪੁਲੀਸ ਮੁਲਾਜ਼ਮਾਂ ਤੇ ਅਫ਼ਸਰਾਂ ਦੀਆਂ ਝਿੜਕਾਂ ਇਹ ਸੋਚ ਕੇ ਖਾਂਦੇ ਰਹੇ ਸੀ ਕਿ ਸ਼ਾਇਦ ਕਿਤੇ ਪੁਲੀਸ ਦਾ ਨੰਬਰ ਹੀ ਮਿਲ਼ ਜਾਵੇ, ਪਰ ਉਹਨਾਂ ਨੂੰ ਜ਼ਲੀਲ ਕਰ ਕੇ ਭਜਾਇਆ ਗਿਆ। ਭਾਈ ਦਿਲਾਵਰ ਸਿੰਘ ਦੇ ਪਰਿਵਾਰ ਕੋਲ਼ 15 ਏਕੜ ਪੈਲ਼ੀ ਹੋਣ ਦੇ ਬਾਵਜੂਦ ਉਸ ਦੀ ਇੱਛਾ ਨੌਕਰੀ ਕਰਨ ਦੀ ਸੀ, ਪਰ ਨੌਕਰੀ ਤੋਂ ਜਵਾਬ ਮਿਲ਼ਣ ਮਗਰੋਂ ਉਹ ਵੀ ਹੋਰਨਾਂ ਵਾਂਗ ਸੋਚਣ ਲੱਗ ਪਿਆ ਕਿ ਸਾਨੂੰ ਤਾਂ ਸਿੱਖਾਂ ਦੇ ਕਤਲੇਆਮ ਲਈ ਹੀ ਭਰਤੀ ਕੀਤਾ ਗਿਆ ਸੀ।

ਭਾਈ ਦਿਲਾਵਰ ਸਿੰਘ ਤੇ ਭਾਈ ਬਲਵੰਤ ਸਿੰਘ ਨੇ ਬੜੀਆਂ ਲੰਮੀਆਂ ਵਿਚਾਰਾਂ ਕੀਤੀਆਂ ਤੇ ਅੰਤ ਫ਼ੈਸਲਾ ਕੀਤਾ ਕਿ ਜੁਝਾਰੂ ਧਿਰਾਂ ਨਾਲ਼ ਰਾਬਤਾ ਕਰ ਕੇ ਇਸ ਜ਼ੁਲਮ ਲਈ ਜ਼ਿੰਮੇਵਾਰਾਂ ਨੂੰ ਸੋਧਿਆ ਜਾਵੇ। ਉਹਨਾਂ ਦੀਆਂ ਕੋਸ਼ਿਸ਼ਾਂ ਸਦਕਾ 'ਬੱਬਰ ਖ਼ਾਲਸਾ' ਤਕ ਪਹੁੰਚ ਬਣੀ। ਨਵੰਬਰ 1994 ਨੂੰ ਬੱਬਰ ਖ਼ਾਲਸਾ ਦੀ ਲਾਹੌਰ ਵਿੱਚ ਮੀਟਿੰਗ ਹੋਈ, ਜਿਸ ਵਿੱਚ ਭਾਈ ਜਗਤਾਰ ਸਿੰਘ ਹਵਾਰਾ ਨੂੰ ਭਾਈ ਦਿਲਾਵਰ ਸਿੰਘ, ਭਾਈ ਬਲਵੰਤ ਸਿੰਘ ਨਾਲ਼ ਮਿਲ਼ ਕੇ ਕਾਰਨਾਮਾ ਕਰਨ ਲਈ ਆਖਿਆ ਗਿਆ। ਬਣੀ ਹੋਈ ਯੋਜਨਾ ਤਹਿਤ, 1 ਮਈ 1995 ਨੂੰ ਭਾਈ ਦਿਲਾਵਰ ਸਿੰਘ ਨੇ ਹਿਮਾਚਲ ਪ੍ਰਦੇਸ਼ ਦੇ ਰਤੌਲੀ ਪਿੰਡ ਵਿੱਚ ਇੱਕ ਕਮਰਾ ਕਿਰਾਏ ਉੱਤੇ ਲੈ ਲਿਆ ਤੇ ਪਰਿਵਾਰ ਨੂੰ ਕਹਿ ਦਿੱਤਾ ਕਿ ਉਸ ਨੇ ਦੋਸਤਾਂ ਨਾਲ਼ ਮਿਲ਼ ਕੇ ਸੇਬਾਂ ਦੇ

ਬਾਗ਼ ਦਾ ਠੇਕਾ ਲਿਆ ਹੈ।

ਭਾਵੇਂ ਖਾੜਕੂ ਲਹਿਰ ਨੂੰ ਜੋ ਕਰਾਰੀ ਸੱਟ ਵੱਜੀ ਸੀ, ਉਹ ਹਿੰਦੋਸਤਾਨੀ ਹਕੂਮਤ ਦੀ ਸਮੁੱਚੀ ਤਾਕਤ ਤੇ ਖ਼ੁਫ਼ੀਆਂ ਏਜੰਸੀਆਂ ਦੀਆਂ ਕੁਚਾਲਾਂ ਸਦਕਾ ਹੀ ਸੰਭਵ ਹੋਈ ਸੀ ਪਰ ਗਿੱਲ ਤੇ ਬੇਅੰਤ ਦੀ ਜੋੜੀ ਸਮਝਦੀ ਸੀ ਕਿ ਇਹ ਸਭ ਉਹਨਾਂ ਦਾ ਹੀ 'ਪ੍ਰਤਾਪ' ਹੈ। ਗਿੱਲ ਤਾਂ ਸ਼ਰੇਆਮ ਕਹਿੰਦਾ ਸੀ- "ਹਿੰਦੂਆਂ ਖ਼ਿਲਾਫ਼ ਸਿੱਖਾਂ ਦਾ ਮੁਖ ਇਤਰਾਜ਼ ਬ੍ਰਾਹਮਣੀ ਗਲਬਾ ਹੈ, ਜਿੰਨੇ ਕੁ ਬੰਦੇ ਮੈਂ ਮਾਰ ਦਿੱਤੇ ਹਨ, ਉਸ ਨਾਲ਼ ਸਿੱਖਾਂ ਦੀ ਸੋਚਣੀ ਬਦਲ ਗਈ ਹੈ....।"

ਓਧਰੋਂ ਸ.ਜਸਵੰਤ ਸਿੰਘ ਖਾਲੜਾ ਪੁਲੀਸ ਵਲੋਂ ਕਤਲ ਕੀਤੇ ਗਏ 25000 ਸਿੱਖਾਂ ਦਾ ਅਣਪਛਾਤੀਆਂ ਲਾਸ਼ਾਂ ਦਾ ਮਾਮਲਾ ਉਭਾਰ ਰਿਹਾ ਸੀ ਤੇ ਇਧਰੋਂ ਗਿੱਲ ਤੇ ਬੇਅੰਤ ਦੀ ਜੋੜੀ ਮਜ਼ਾਕਾਂ ਕਰਦੀ ਫਿਰਦੀ ਸੀ। ਬੇਅੰਤ ਸਿੰਘ ਤਾਂ ਖ਼ੁਦ ਨੂੰ ਰੱਬ ਹੀ ਸਮਝਣ ਲੱਗ ਪਿਆ ਸੀ। ਉਸ ਦੇ ਚਮਚੇ ਵੀ ਉਸ ਨੂੰ ਨਿਤ ਫੂਕ ਛਕਾ ਰਹੇ ਸਨ।

31 ਜੁਲਾਈ 1995 ਦੀਆਂ ਅਖ਼ਬਾਰਾਂ ਨੇ ਤਾਂ ਹਰ ਸਿੱਖ ਦੇ ਕਾਲਜੇ ਲੂਹ ਸੁੱਟੇ। ਜਦੋਂ ਪੜ੍ਹਿਆ ਕਿ ਰਾਮਪੁਰਾ ਫੂਲ ਵਿਖੇ ਹੋਏ ਇੱਕ ਸਮਾਗਮ ਵਿੱਚ ਕਾਂਗਰਸੀਆਂ ਨੇ ਕਿਹਾ ਹੈ ਕਿ- "ਬੇਅੰਤ ਸਿੰਘ ਗੁਰੂ ਨਾਨਕ ਸਾਹਿਬ, ਗੁਰੂ ਗੋਬਿੰਦ ਸਿੰਘ ਤੇ ਭਗਵਾਨ ਸ੍ਰੀ ਰਾਮ ਵਾਂਗ ਅਵਤਾਰ ਹਨ।"

ਬੜੀ ਬੇਸ਼ਰਮੀ ਨਾਲ਼ ਕਾਂਗਰਸੀ ਆਗੂ 'ਸ਼ੇਰ ਸਿੰਘ ਗਾਗੋਵਾਲ' ਬੇਅੰਤ ਸਿਹੁੰ ਵਰਗੇ ਬੁੱਚੜ ਨੂੰ ਸਿੱਖ ਗੁਰੂਆਂ ਦਾ ਅਵਤਾਰ ਦੱਸ ਰਿਹਾ ਸੀ ਕਿ ਬਰਨਾਲ਼ੇ ਦੇ ਇੱਕ ਹੋਰ ਕਾਂਗਰਸੀ ਆਗੂ 'ਪੰਡਤ ਸੋਮ ਦੱਤ' ਨੇ ਬੇਅੰਤੇ ਪਾਪੀ ਦੀ ਤੁਲਨਾ ਹਿੰਦੂ ਭਗਵਾਨ ਕ੍ਰਿਸ਼ਨ ਤੇ ਭਗਵਾਨ ਰਾਮ ਨਾਲ਼ ਕਰਨੀ ਸ਼ੁਰੂ ਕਰ ਦਿੱਤੀ।

ਇਹਨਾਂ ਖ਼ਬਰ ਨੇ ਸਿੱਖਾਂ ਨੂੰ ਅੱਗ ਲਾ ਦਿੱਤੀ। ਕਾਂਗਰਸੀਆਂ ਦੀ ਇਸ ਹਰਕਤ ਨੇ ਭਾਈ ਦਿਲਾਵਰ ਸਿੰਘ ਦਾ ਦਿਲ ਨਪੀੜ ਸੁੱਟਿਆ। ਇਹੋ ਜਿਹੇ ਹੀ ਪਲਾਂ ਵਿੱਚ ਜਦ ਉਹਨਾਂ ਦੇ ਸਤਿਕਾਰਯੋਗ ਪਿਤਾ ਸ.ਹਰਨੇਕ ਸਿੰਘ ਨੇ ਕੋਈ ਗੱਲ ਕੀਤੀ ਤਾਂ ਉਹਨਾਂ ਉਲ਼ਟਾ ਪੁੱਛਿਆ:

"ਪਿਤਾ ਜੀ, ਬੇਅੰਤ ਸਿਹੁੰ ਵੱਡਾ ਹੈ ਕਿ ਗੁਰੂ ਨਾਨਕ ਸਾਹਿਬ ਤੇ ਗੁਰੂ ਗੋਬਿੰਦ ਸਿੰਘ....?"

"ਵੱਡੇ ਤਾਂ ਗੁਰੂ ਸਾਹਿਬ ਹੀ ਹਨ....।"

"ਫਿਰ ਧਰਤੀ ਉੱਤੇ ਜਾਂ ਤਾਂ ਬੇਅੰਤ ਸਿੰਘ ਦਾ ਨਾਂ ਰਹਿ ਸਕਦਾ ਹੈ ਜਾਂ ਗੁਰੂ ਸਾਹਿਬਾਨ ਦਾ....।"

ਸ. ਹਰਨੇਕ ਸਿੰਘ ਇਸ ਗੱਲ ਨੂੰ ਕੀ ਸਮਝਦੇ?

25 ਅਗਸਤ 1995 ਨੂੰ ਭਾਈ ਜਗਤਾਰ ਸਿੰਘ ਹਵਾਰਾ, ਭਾਈ ਜਗਤਾਰ ਸਿੰਘ ਤਾਰਾ, ਭਾਈ ਪਰਮਜੀਤ ਸਿੰਘ ਭਿਓਰਾ, ਭਾਈ ਬਲਵੰਤ ਸਿੰਘ ਰਾਜੋਆਣਾ ਤੇ ਭਾਈ ਦਿਲਾਵਰ ਸਿੰਘ ਗੁਰਦੁਆਰਾ ਦੁਖ ਨਿਵਾਰਨ ਪਟਿਆਲ਼ੇ ਇਕੱਠੇ ਹੋਏ ਤੇ ਇੰਝ ਅਗਲੀ ਵਿਉਂਤਬੰਦੀ ਹੋਈ। ਓਦੋਂ ਤਕ ਭਾਈ ਦਿਲਾਵਰ ਸਿੰਘ ਦੇ ਹੀ ਪਟਿਆਲ਼ੇ ਵਾਲ਼ੇ ਘਰ ਦੇ ਕੋਲ ਰਹਿੰਦੇ ਭਾਈ ਗੁਰਮੀਤ ਸਿੰਘ ਦਾ ਵੀ ਸੰਪਰਕ ਇਸ ਟੀਮ ਨਾਲ਼ ਹੋ ਚੁੱਕਾ ਸੀ। ਭਾਈ ਗੁਰਮੀਤ ਸਿੰਘ ਬੀ.ਪੀ.ਐਲ. ਕੰਪਨੀ ਵਿੱਚ



ਸ਼ਹੀਦ ਭਾਈ ਦਿਲਾਵਰ ਸਿੰਘ ਦੇ ਭਰਾ ਅਤੇ ਭਾਬੀ ਨਾਲ ਵਿਚਾਰਾਂ ਦੀ ਸਾਂਝ ਕਰਨ ਸਮੇਂ ਭਾਈ ਸਰਬਜੀਤ ਸਿੰਘ ਘੁਮਾਣ, ਭਾਈ ਰਣਜੀਤ ਸਿੰਘ ਦਮਦਮੀ ਟਕਸਾਲ ਤੇ ਹੋਰ

ਮੁਲਾਜ਼ਮ ਸੀ ਤੇ ਮੁਹਾਲੀ ਵਿਖੇ ਕਿਰਾਏ 'ਤੇ ਕਮਰਾ ਲੈ ਕੇ ਰਹਿੰਦਾ ਸੀ।

ਆਖ਼ਰ ਸਾਰੀ ਯੋਜਨਾ ਤਿਆਰ ਹੋ ਗਈ। 30 ਅਗਸਤ 1995 ਨੂੰ ਭਾਈ ਜਗਤਾਰ ਸਿੰਘ ਹਵਾਰਾ, ਭਾਈ ਜਗਤਾਰ ਸਿੰਘ ਤਾਰਾ, ਭਾਈ ਬਲਵੰਤ ਸਿੰਘ ਰਾਜੋਆਣਾ ਕਾਰ ਰਾਹੀਂ ਸਿਵਲ ਸਕੱਤਰੇਤ ਨੂੰ ਚਲੇ ਗਏ। ਉਹਨਾਂ ਦੇ ਨਾਲ਼ ਪੁਲੀਸ ਦੀ ਵਰਦੀ ਵਿੱਚ ਭਾਈ ਦਿਲਾਵਰ ਸਿੰਘ ਵੀ ਸੀ। ਰਸਤੇ ਵਿੱਚ ਭਾਈ ਹਵਾਰਾ ਉੱਤਰ ਗਿਆ। ਪਰ ਉਸ ਦਿਨ ਬੇਅੰਤ ਸਿਹੁੰ ਦਫ਼ਤਰ ਤੋਂ ਜਾ ਚੁੱਕਾ ਸੀ। ਭਾਈ ਹਵਾਰਾ ਓਸੇ ਦਿਨ ਮੁਹਾਲੀ ਤੋਂ ਦਿੱਲੀ, ਗਾਜੀਆਬਾਦ ਚਲਾ ਗਿਆ।

ਭਾਈ ਬਲਵੰਤ ਸਿੰਘ ਤੇ ਭਾਈ ਦਿਲਾਵਰ ਸਿੰਘ ਸੈਕਟਰ 45 ਦੇ 3031/1 ਨੰਬਰ ਘਰ ਵਿੱਚ ਪੁੱਜੇ, ਜਿੱਥੇ ਭਾਈ ਦਿਲਾਵਰ ਸਿੰਘ ਦਾ ਵੱਡਾ ਭਰਾ ਸ. ਚਮਕੌਰ ਸਿੰਘ ਰਹਿੰਦਾ ਸੀ। ਇੱਥੇ ਉਹਨਾਂ ਰਾਤ ਕੱਟੀ ਤੇ ਅਗਲੇ ਦਿਨ 31 ਅਗਸਤ ਨੂੰ ਸਵੇਰੇ ਹੀ ਓਥੇ ਚਲੇ ਗਏ। ਭਾਈ ਦਿਲਾਵਰ ਸਿੰਘ, ਭਾਈ ਗੁਰਮੀਤ ਸਿੰਘ ਦੇ ਮੁਹਾਲੀ ਵਾਲ਼ੇ ਕਿਰਾਏ ਦੇ ਕਮਰੇ ਵਿੱਚ ਚਲਾ ਗਿਆ, ਜਦਕਿ ਭਾਈ ਬਲਵੰਤ ਸਿੰਘ ਰਾਜੋਆਣਾ ਤੇ ਭਾਈ ਜਗਤਾਰ ਸਿੰਘ ਤਾਰਾ ਸਕੂਟਰ ਉੱਤੇ ਸੈਕਟਰੀਏਟ ਚਲੇ ਗਏ। ਜਦ ਬੇਅੰਤ ਸਿਹੁੰ ਆ ਗਿਆ ਤਾਂ ਉਹ ਭਾਈ ਦਿਲਾਵਰ ਸਿੰਘ ਨੂੰ ਲੈਣ ਮੁਹਾਲੀ ਆ ਗਏ।

ਓਧਰ ਮੁਹਾਲੀ ਵਿੱਚ ਭਾਈ ਗੁਰਮੀਤ ਸਿੰਘ ਦੇ ਘਰ ਭਾਈ ਦਿਲਾਵਰ ਸਿੰਘ ਕੌਮੀ ਫ਼ਰਜ਼ ਨਿਭਾਉਣ ਲਈ ਤਿਆਰ-ਬਰ-ਤਿਆਰ ਬੈਠਾ ਸੀ। ਜ਼ਿੰਦਗੀ ਤੇ ਮੌਤ ਤੋਂ ਉੱਪਰ ਉੱਠ ਕੇ ਵਿਚਰ ਰਹੇ ਉਸ ਸੂਰਬੀਰ ਯੋਧੇ ਦੇ ਮਨ ਵਿੱਚ ਓਸ ਵੇਲ਼ੇ ਕਿਹੋ ਜਿਹੇ ਖ਼ਿਆਲ ਆ ਰਹੇ ਹੋਣਗੇ, ਜਦ ਭਾਈ ਬਲਵੰਤ ਸਿੰਘ ਨੇ ਉਸ ਨੂੰ ਦੱਸਿਆ ਹੋਵੇਗਾ ਕਿ ਸ਼ਿਕਾਰ ਅੱਜ ਸੈਕਟਰੀਏਟ ਵਿੱਚ ਹੀ ਹੈ। ਭਾਈ ਸਾਹਿਬ ਦੀ ਮਨੋਦਸ਼ਾ ਬਾਰੇ ਸਿਰਫ਼ ਕਿਆਸ ਹੀ ਕੀਤਾ ਜਾ ਸਕਦਾ ਹੈ। ਲਾਜ਼ਮੀ ਹੀ ਸ਼ਹੀਦੀ ਪਹਿਰੇ ਲੱਗੇ ਹੋਣਗੇ ਤੇ ਸਤਿਗੁਰਾਂ ਦੀ ਬਖ਼ਸ਼ਿਸ਼ ਸਦਕਾ ਅਦੁੱਤੀ ਨੂਰ ਡਲਕਾਂ ਮਾਰ ਰਿਹਾ ਹੋਵੇਗਾ। ਜਿਸ ਮੌਤ ਤੋਂ ਬਚਣ ਲਈ ਮਨੁੱਖ ਸੌ ਓਹੜ-ਪੋਹੜ ਕਰਦਾ ਹੈ, ਮਹਾਂਬਲੀ ਦਿਲਾਵਰ ਸਿੰਘ ਉਸ ਨੂੰ ਗਲ਼ ਲਾਉਣ ਨੂੰ ਕਾਹਲ਼ਾ ਸੀ। ਕਾਰ ਵਿੱਚ ਪੁਲੀਸ ਦੀ ਵਰਦੀ ਵਿੱਚ ਬਰੂਦੀ ਬੈਲਟ ਲਾ ਕੇ ਬੈਠੇ ਉਸ ਯੋਧੇ ਨੇ ਪਤਾ ਨਹੀਂ ਆਪਣੀ ਕੌਮ ਬਾਰੇ ਕੀ-ਕੀ ਸੋਚਿਆ ਹੋਵੇਗਾ।

ਉਹ ਜ਼ਰੂਰ ਸੋਚ ਰਿਹਾ ਹੋਵੇਗਾ ਕਿ ਹਜ਼ਾਰਾਂ ਸਿੱਖਾਂ ਦੇ ਕਾਤਲ ਬੇਅੰਤੇ ਨੂੰ ਖ਼ਤਮ ਕਰਨ ਲਈ ਆਪਣੀ ਖ਼ੁਦ ਦੀ ਕੁਰਬਾਨੀ ਦੇਣੀ ਹੀ ਪੈਣੀ ਹੈ ਤਾਂ ਜੋ ਆਉਣ ਵਾਲ਼ੀ ਸਿੱਖ ਜਵਾਨੀ, ਸਿੱਖੀ ਵਿੱਚ ਪ੍ਰਪੱਕ ਰਹਿ ਸਕੇ। ਓਸ ਵੇਲ਼ੇ ਉਸ ਦੀਆਂ ਅੱਖਾਂ ਮੂਹਰੇ ਭਵਿੱਖ ਦੀ ਸਿੱਖ ਕੌਮ ਦੀ ਸਥਿਤੀ ਹੋਵੇਗੀ, ਜਿੱਥੇ ਉਹਨਾਂ ਨੂੰ ਸਿੱਖ ਬੱਚੇ-ਬੱਚੀਆਂ ਬਾਣੀ ਤੇ ਬਾਣੇ ਵਿੱਚ ਪ੍ਰਪੱਕ ਵਿਖਾਈ ਦੇ ਰਹੇ ਹੋਣਗੇ। ਕਿਧਰੇ ਕੋਈ ਸਿੱਖ ਗੱਭਰੂ ਉਹਨਾਂ ਲੋਕਾਂ ਦੀ ਸੁਧਾਈ ਕਰਦਾ ਵਿਖਾਈ ਦੇ ਰਿਹਾ ਹੋਵੇਗਾ, ਜੋ ਨਸ਼ੇ ਦਾ ਵਪਾਰ ਕਰਦੇ ਹਨ। ਕਿਧਰੇ ਕੋਈ ਸਿੱਖ ਗੱਭਰੂ ਉਹਨਾਂ ਨੂੰ ਡੇਰੇਦਾਰ ਸਾਧਾਂ, ਦੇਹਧਾਰੀਆਂ ਗੁਰੂਆਂ ਤੇ ਉਹਨਾਂ ਅਖੌਤੀ ਵਿਦਵਾਨਾਂ ਲਈ ਕਾਲ ਬਣਦਾ ਵਿਖਾਈ ਦੇ ਰਿਹਾ ਹੋਵੇਗਾ, ਜੋ ਸਦਾ ਹੀ ਪੰਥ ਦੀ ਪਿੱਠ ਵਿੱਚ ਛੁਰਾ ਮਾਰਦੇ ਹਨ। ਕਿਧਰੇ ਸਿੱਖ ਨੌਜਵਾਨਾਂ ਦੇ ਕਾਫ਼ਲੇ ਬਜ਼ਾਰਾਂ ਵਿੱਚੋਂ ਅਸ਼ਲੀਲ ਫ਼ਿਲਮਾਂ ਦੇ ਪੋਸਟਰ ਪਾੜਦੇ, ਗੰਦੇ ਗਾਇਕਾਂ ਨੂੰ ਛਿਤਰੌਲ ਫੇਰਦੇ, ਤੰਬਾਕੂ ਤੇ ਨਾਈਆਂ ਦੀਆਂ ਦੁਕਾਨਾਂ ਦਾ ਘਿਰਾਓ ਕਰਦੇ ਦਿਸ ਰਹੇ ਹੋਣਗੇ। ਕਿਧਰੇ ਉਹਨਾਂ ਨੂੰ ਮਹਿਸੂਸ ਹੁੰਦਾ ਹੋਵੇਗਾ ਕਿ ਸਿੱਖ ਗੱਭਰੂਆਂ ਦੇ ਕਾਫ਼ਲੇ ਗੁਰੂ-ਘਰਾਂ ਵੱਲ ਜਾ ਰਹੇ ਹਨ ਤੇ ਸਿੱਖ ਬੱਚੀਆਂ ਬਾਣੀ ਤੇ ਬਾਣੇ ਵਿੱਚ ਪ੍ਰਪੱਕ ਹੋ ਕੇ ਸਿੱਖ ਜੀਵਨ-ਜਾਚ ਵਿੱਚ ਦ੍ਰਿੜ੍ਹਤਾ ਵਿਖਾ ਰਹੀਆਂ ਹਨ। ਉਹਨਾਂ ਨੂੰ ਹਰ ਸਿੱਖ ਦੇ ਹੱਥ ਵਿੱਚ ਖ਼ਾਲਸਈ ਝੰਡੇ ਵਿਖਾਈ ਦੇ ਰਹੇ ਹੋਣਗੇ। ਇਹਨਾਂ ਝੰਡਿਆਂ ਵਿੱਚ ਉਹਨਾਂ ਨੂੰ ਉਹਨਾਂ ਸੂਰਮੇ ਸਿੰਘਾਂ ਦੇ ਸੁੰਦਰ ਸਰੂਪ ਦਿਸ ਰਹ ਹੋਣਗੇ, ਜਿਨ੍ਹਾਂ ਨੇ 'ਧਰਮ ਹੇਤ ਸੀਸ ਵਾਰੇ' ਤੇ ਆਪਣਾ-ਆਪਾ ਕੌਮ ਉੱਤੋਂ ਨਿਛਾਵਰ ਕਰ ਦਿੱਤਾ।

ਇਕਦਮ ਉਹਨਾਂ ਦੇ ਖ਼ਿਆਲਾਂ ਦੀ ਲੜੀ ਓਦੋਂ ਟੁੱਟੀ ਹੋਵੇਗੀ, ਜਦੋਂ ਸੈਕਟਰੀਏਟ ਵਿੱਚ ਲਿਜਾ ਕੇ ਭਾਈ ਜਗਤਾਰ ਸਿੰਘ ਤਾਰੇ ਨੇ ਕਾਰ ਰੋਕੀ ਹੋਵੇਗੀ। ਕਾਰ ਰੁਕਦਿਆਂ ਹੀ ਭਾਈ ਬਲਵੰਤ ਸਿੰਘ ਨੇ ਵੀ ਆਪਣਾ ਸਕੂਟਰ ਸਟੈਂਡ ਉੱਤੇ ਲਾਇਆ ਤੇ ਭਾਈ ਦਿਲਾਵਰ ਸਿੰਘ ਨੂੰ ਲੈ ਕੇ ਤੁਰ ਪਿਆ। ਭਾਈ ਤਾਰਾ ਕਾਰ ਓਥੇ ਹੀ ਛੱਡ ਕੇ ਚਲਾ ਗਿਆ। ਅੱਗੇ ਉਹਨਾਂ ਦਾ ਸਾਥੀ ਭਾਈ ਲਖਵਿੰਦਰ ਸਿੰਘ ਹਾਜ਼ਰ ਸੀ। ਤਿੰਨੇ ਗੁਰੂ ਕੇ ਲਾਲ ਪੁਲੀਸ ਵਰਦੀਆਂ ਵਿੱਚ ਸਕੱਤਰੇਤ ਅੰਦਰ ਪੁੱਜ ਗਏ।

ਕੁਝ ਦੇਰ ਬਾਅਦ ਭਾਈ ਲਖਵਿੰਦਰ ਸਿੰਘ ਵੀ ਯੋਜਨਾ ਅਨੁਸਾਰ ਓਥੋਂ ਚਲਾ ਗਿਆ। ਭਾਈ ਬਲਵੰਤ ਸਿੰਘ ਵੀ ਖ਼ਾਸ ਸਮੇਂ ਤਕ ਓਥੇ ਮੌਜੂਦ ਰਿਹਾ। ਜਿਉਂ ਹੀ ਭਾਈ ਦਿਲਾਵਰ ਸਿੰਘ ਨੇ ਵੇਖਿਆ ਕਿ ਸਿੱਖੀ ਦਾ ਘਾਣ ਕਰਨ ਵਾਲ਼ਾ ਜ਼ਕਰੀਏ ਖ਼ਾਂ ਦਾ ਵਾਰਸ, ਬੇਅੰਤਾ ਪਾਪੀ ਆਪਣੇ ਲਾਮ-ਲਸ਼ਕਰ ਨਾਲ਼ ਆ ਰਿਹਾ ਹੈ ਤਾਂ ਸਿੱਖ ਕੌਮ ਦੇ ਚੜ੍ਹਦੀ ਕਲਾ ਵਾਲ਼ੇ ਭਵਿੱਖ ਦੀ ਤਸਵੀਰ ਅੱਖਾਂ ਵਿੱਚ ਵਸਾਈ ਉਹ ਅੱਗੇ ਵਧਿਆ। ਓਥੇ ਖੜ੍ਹੇ ਸਾਰੇ ਹੀ ਅੰਨ੍ਹੇ ਹੋ ਗਏ ਜਾਪਦੇ ਸਨ। ਵਾਹਿਗੁਰੂ ਆਪਣੀ ਕਲਾ ਵਰਤਾ ਰਿਹਾ ਸੀ। ਸੁਰੱਖਿਆ ਕਰਮਚਾਰੀਆਂ ਨੂੰ ਸ਼ਾਇਦ ਭਾਈ ਦਿਲਾਵਰ ਸਿੰਘ ਦਿਖਾਈ ਹੀ ਨਹੀਂ ਸੀ ਦੇ ਰਿਹਾ। ਮੜਕ


ਭਾਈ ਬਲਵੰਤ ਸਿੰਘ ਰਾਜੋਆਣਾ


ਭਾਈ ਜਗਤਾਰ ਸਿੰਘ ਹਵਾਰਾ

ਨਾਲ਼ ਪੋਲੇ-ਪੋਲੇ ਪੈਰ ਪੁੱਟਦਾ ਉਹ ਬੇਅੰਤੇ ਕੋਲ਼ ਪੁੱਜ ਗਿਆ। ਬੇਅੰਤ ਸਿਹੁੰ ਆਪਣੀ ਅੰਬੈਸਡਰ ਕਾਰ ਵਿੱਚ ਬੈਠਣ ਹੀ ਲੱਗਾ ਸੀ ਕਿ ਭਾਈ ਦਿਲਾਵਰ ਸਿੰਘ ਨੇ ਕੋਲ ਜਾ ਕੇ ਧਮਾਕਾ ਕਰ ਦਿੱਤਾ ਤੇ ਸਕਿੰਟਾਂ ਵਿੱਚ ਹੀ ਓਥੇ ਧੂੰਏ, ਬਰੂਦ ਦੀ ਗੰਧ ਤੇ ਮਨੁੱਖੀ ਚੀਥੜਿਆਂ ਦਾ ਦ੍ਰਿਸ਼ ਸੀ।

ਉਹ ਪਾਪੀ ਜੋ ਕਾਲ ਨੂੰ ਜਿੱਤ ਚੁੱਕਾ ਸਮਝਦਾ ਸੀ, ਉਹ ਬੇਅੰਤਾ ਤੇ ਉਸ ਦੇ ਸੰਗੀ-ਸਾਥੀ ਉਸ ਕਾਲ ਦਾ ਗ੍ਰਾਸ ਬਣ ਚੁੱਕੇ ਸਨ। ਖ਼ੁਦ ਨੂੰ ਗੁਰੂ ਨਾਨਕ ਸਾਹਿਬ, ਗੁਰੂ ਗੋਬਿੰਦ ਸਿੰਘ, (ਹਿੰਦੂ ਭਗਵਾਨ) ਰਾਮ-ਕ੍ਰਿਸ਼ਨ ਸਮਝਣ ਵਾਲ਼ਾ ਜ਼ਾਲਮ ਮਿਟ ਗਿਆ। ਸਾਮ੍ਹਣੀ ਸਟੇਟ ਬੈਂਕ ਦੀ ਬ੍ਰਾਂਚ ਦੀ ਘੜੀ ਦੀ ਸੂਈ 5:13 'ਤੇ ਖੜ੍ਹੀ ਦੱਸ ਰਹੀ ਸੀ ਕਿ ਅਕਾਲ ਪੁਰਖ ਨੇ ਬੇਅੰਤੇ ਪਾਪੀ ਲਈ ਇਹ ਸਮਾਂ ਨਿਸ਼ਚਿਤ ਕੀਤਾ ਹੋਇਆ ਸੀ।

ਇੰਝ ਭਾਈ ਦਿਲਾਵਰ ਸਿੰਘ ਨੇ ਆਪਣੀ ਜਾਨ ਦੇ ਕੇ ਉਹਨਾਂ ਹਜ਼ਾਰਾਂ ਸਿੱਖਾਂ ਦੀ ਜਾਨ ਬਚਾ ਲਈ, ਜਿਨ੍ਹਾਂ ਨੂੰ ਬੇਅੰਤੇ ਦੇ ਇਸ਼ਾਰੇ ਉੱਤੇ ਕਤਲ ਕੀਤਾ ਜਾਣਾ ਸੀ। ਭਾਈ ਦਿਲਾਵਰ ਸਿੰਘ ਨੇ ਇਹੀ ਸੋਚਿਆ ਕਿ ਜਿਹੜੇ ਪਹਿਲੋਂ ਮਾਰੇ ਗਏ, ਸੋ ਮਾਰੇ ਗਏ, ਪਰ ਮੈਂ ਹੋਰ ਸਿੱਖਾਂ ਨੂੰ ਕਤਲ ਨਹੀਂ ਹੋਣ ਦਿਆਂਗਾ। ਭਾਈ ਦਿਲਾਵਰ ਸਿੰਘ ਨੇ ਉਹਨਾਂ ਸਿੱਖ ਸੰਗਤਾਂ ਦੇ ਲਟ-ਲਟ ਬਲ਼ਦੇ ਹਿਰਦੇ ਸ਼ਾਂਤ ਕੀਤੇ, ਜਿਹੜੇ ਦੁਖੀ ਸਨ ਕਿ ਬੇਅੰਤਾ ਪਾਪੀ ਸਿੱਖ ਗੁਰੂਆਂ ਦੀ ਬਰਾਬਰੀ ਕਰਦਾ ਹੈ। ਭਾਈ ਦਿਲਾਵਰ ਸਿੰਘ ਨੇ ਸੋਚਿਆ ਕਿ ਸਿੱਖੀ ਦੀ ਸ਼ਾਨ ਲਈ ਮੇਰੀ ਜਾਨ ਵੀ ਚਲੀ ਜਾਵੇ ਤਾਂ ਕੋਈ ਗੱਲ ਨਹੀਂ, ਸਾਡੀ ਆਉਣ ਵਾਲ਼ੀ ਜਵਾਨੀ ਤਾਂ ਸਿੱਖੀ ਮਰਿਆਦਾ ਵਿੱਚ ਪ੍ਰਪੱਕ ਹੋ ਕੇ, ਨਸ਼ਿਆਂ ਤੋਂ ਰਹਿਤ ਹੋ ਕੇ ਜੀਵੇਗੀ।

ਕੀ ਭਾਈ ਦਿਲਾਵਰ ਸਿੰਘ ਦਾ ਸੁਪਨਾ ਪੂਰਾ ਹੋਇਆ? ਮੂੰਹ ਸਿਰ ਮੁੰਨ ਕੇ, ਮੂੰਹ ਵਿੱਚ ਤੰਬਾਕੂ ਤੇ ਹੋਰ ਨਸ਼ੇ ਤੁੰਨ ਕੇ, ਸਿੱਖੀ ਦੇ ਵੈਰੀਆਂ (ਡੇਰੇਦਾਰ ਸਾਧਾਂ, ਦੇਹਧਾਰੀ ਗੁਰੂਆਂ) ਦਾ ਸਾਥ ਦੇ ਕੇ, ਬਾਣੀ ਤੇ ਬਾਣੇ ਤੋਂ ਮੂੰਹ ਮੋੜ ਕੇ, ਪੰਥ ਦੋਖੀ ਸਿਆਸੀ ਤਾਕਤਾਂ ਦਾ ਸਾਥ ਦੇ ਕੇ, ਅਸ਼ਲੀਲ ਗਾਇਕਾਂ ਤੇ ਹੋਰ ਪੰਥ ਦੋਖੀ ਰੁਝਾਨਾਂ ਦੀ ਹਮਾਇਤ ਕਰ ਕੇ, ਸਿੱਖੀ ਤੇ ਸਿੱਖਾਂ ਦੇ ਕਾਤਲ ਭਾਰਤੀ ਨਿਜ਼ਾਮ ਦੀ ਗ਼ੁਲਾਮੀ ਸਵੀਕਾਰ ਕਰ ਕੇ, ਬੱਕਰੇ ਬੁਲਾਉਂਦੀ ਫਿਰਦੀ ਅੱਜ ਦੀ ਸਿੱਖ ਜਵਾਨੀ ਸਾਮ੍ਹਣੇ ਇਹ ਸਵਾਲ ਮੂੰਹ ਅੱਡੀ ਖਲੋਤਾ ਹੈ।

ਜਿਸ ਅੰਬੈਸਡਰ ਕਾਰ ਵਿੱਚ ਇਹ ਟੀਮ ਸੈਕਟਰੀਏਟ ਪੁੱਜੀ ਸੀ, ਉਹ ਜਦ ਜਾਂਚ ਕਰਨ ਵਾਲ਼ਿਆਂ ਨੂੰ ਮਿਲ਼ੀ ਤਾਂ ਉਸ ਵਿੱਚ ਭਾਈ ਦਿਲਾਵਰ ਸਿੰਘ ਦੇ ਹੱਥਾਂ ਨਾਲ਼ ਲਿਖਿਆ ਉਹ ਕਾਵਿ-ਟੋਟਾ ਪਿਆ ਸੀ,ਜੋ ਸ਼ਿਕਾਰ ਦੀ ਉਡੀਕ ਕਰਦਿਆਂ ਉਸ ਸੂਰਮੇ ਨੇ ਆਪਣੀ ਪ੍ਰਤਿਗਿਆ ਬਾਰੇ ਲਿਖਿਆ ਸੀ। ਲਿਖਿਆ ਸੀ:

ਜੇ ਮੈਂ ਸ਼ਹੀਦਾਂ ਦੀ ਯਾਦ ਵਿੱਚ ਗੀਤ ਨਾ ਗਾਏ,
ਤਾਂ ਰੂਹਾਂ ਉਹਨਾਂ ਦੀਆਂ ਕੁਰਲਾਉਣਗੀਆਂ!


ਭਾਈ ਸ਼ਮਸ਼ੇਰ ਸਿੰਘ


ਭਾਈ ਗੁਰਮੀਤ ਸਿੰਘ


ਭਾਈ ਲਖਵਿੰਦਰ ਸਿੰਘ

ਭਾਈ ਦਿਲਾਵਰ ਸਿੰਘ ਦੀ ਅਦੁਤੀ ਕੁਰਬਾਨੀ ਅੱਗੇ ਸਿਰ ਝੁਕਦਾ ਹੈ। ਸ਼ਹੀਦ ਦੀ ਪਰਿਭਾਸ਼ਾ ਦੇਣ ਵਾਲ਼ੇ ਕਹਿੰਦੇ ਹਨ ਕਿ ਬੰਦੇ ਕੋਲ਼ ਜ਼ਿੰਦਗੀ ਤੇ ਮੌਤ ਦੀ ਚੋਣ ਹੋਵੇ ਤੇ ਉਹ ਆਪਣੇ ਵਿਚਾਰਾਂ ਲਈ ਮੌਤ ਨੂੰ ਵੀ ਕਬੂਲ ਕਰ ਲਵੇ ਤਾਂ 'ਸ਼ਹੀਦ' ਹੈ। ਇੱਥੇ ਭਾਈ ਦਿਲਾਵਰ ਸਿੰਘ ਵੀ ਹੋਰਾਂ ਲੱਕਾਂ ਵਾਂਗ 'ਮਾਤਾ ਦਾ ਮਾਲ' ਬਣ ਕੇ ਜੀ ਸਕਦਾ ਸੀ, ਪਰ ਉਸ ਨੇ ਜ਼ੁਲਮ ਦਾ ਅੰਤ ਕਰਨ ਲਈ ਆਪਣੀ ਮੌਤ ਆਪ ਵਿਹਾਝੀ, ਇੰਝ ਉਸ ਦੀ ਸ਼ਹਾਦਤ ਦੇ ਝੰਡੇ ਝੁੱਲੇ।

ਭਾਈ ਸਾਹਿਬ ਦੀ ਜੀਵਨੀ ਲਿਖਣ ਲਈ ਜਦ ਪਟਿਆਲੇ ਉਹਨਾਂ ਦੇ ਘਰ ਗਏ ਤਾਂ ਪਤਾ ਲੱਗਾ ਕਿ ਉਹਨਾਂ ਦੇ ਮਾਤਾ-ਪਿਤਾ ਕੈਨੇਡਾ ਦੇ ਕੈਲਗਰੀ ਸ਼ਹਿਰ ਚਲੇ ਗਏ ਹਨ। ਘਰ ਵਿੱਚ ਸੈਲਫ਼ 'ਤੇ ਸੱਜੀਆਂ ਸ਼ਹੀਦ ਦਿਲਾਵਰ ਸਿੰਘ ਦੀਆਂ ਸ਼ਾਨਦਾਰ ਤਸਵੀਰਾਂ ਕਮਰੇ ਵਿੱਚ ਸ਼ਹੀਦ ਦਾ ਅਹਿਸਾਸ ਕਰਵਾ ਰਹੀਆਂ ਸਨ। ਪਰ ਭਾਈ ਸਾਹਿਬ ਦੀ ਬਚਪਨ ਦੀ ਫ਼ੋਟੋ ਵੇਖ ਕੇ ਤਾਂ ਅਨੰਦ ਹੀ ਆ ਗਿਆ। ਪਟਿਆਲੇ ਵਾਲ਼ੇ ਘਰ ਵਿੱਚ ਭਾਈ ਸਾਹਿਬ ਦੇ ਭਰਾ ਸ. ਚਮਕੌਰ ਸਿੰਘ ਤੇ ਉਹਨਾਂ ਦਾ ਪਰਿਵਾਰ ਰਹਿੰਦਾ ਹੈ। ਪਤਾ ਲੱਗਾ ਕਿ ਭਾਈ ਦਿਲਾਵਰ ਸਿੰਘ ਦਾ ਸੁਭਾਅ ਸ਼ਾਂਤ, ਗੰਭੀਰ ਤੇ ਮਸਤ-ਮੌਲਾ ਜਿਹਾ ਸੀ। ਉਂਝ ਉਹ ਹਸਮੁਖ ਸੀ। ਹਿੰਡ ਦਾ ਪੱਕਾ ਸੀ। ਪਿੰਡ ਜਾਣਾ ਤਾਂ ਖੇਤੀ ਦੇ ਕੰਮ ਵਿੱਚ ਬਰਾਬਰ ਭਿੜਨ ਦੀ ਜ਼ਿੱਦ ਕਰਨੀ। ਕੰਮ ਨੂੰ ਹੱਥ ਪਾਉਣ ਵਾਲ਼ਾ ਸੁਭਾਅ ਸੀ, ਹਿੰਮਤੀ ਤੇ ਉਦਮੀ!


ਭਾਈ ਜਗਤਾਰ ਸਿੰਘ ਤਾਰਾ


ਭਾਈ ਪਰਮਜੀਤ ਸਿੰਘ ਭਿਓਰਾ


ਜਦੋਂ 1988 ਵਿੱਚ ਹੜ੍ਹ ਆਏ ਤਾਂ ਓਦੋਂ ਉਸ ਨੇ ਲੋਕਾਂ ਦੀ ਬੜੀ ਮਦਦ ਕੀਤੀ। ਕਦੇ ਕਿਸੇ ਨੇ ਸੋਚਿਆ ਹੀ ਨਹੀਂ ਸੀ ਕਿ ਇਸ ਸਾਦ-ਮੁਰਾਦੇ ਜਿਹੇ ਸਖ਼ਸ਼ ਪਿੱਛੇ ਉਹ 'ਦਿਲਾਵਰ ਸਿੰਘ' ਹੈ ਜੋ ਮਨੁੱਖਤਾ ਦੀ ਭਲਾਈ ਲਈ ਆਪਣਾ-ਆਪਾ ਕੁਰਬਾਨ ਕਰਨ ਦੀ ਜ਼ੁਰਅਤ ਰੱਖਦਾ ਹੈ। ਉਹ ਯਾਰਾਂ ਦਾ ਯਾਰ ਸੀ। ਸ. ਬਲਵੰਤ ਸਿੰਘ ਰਾਜੋਆਣਾ ਨਾਲ਼ ਉਸ ਦੀ ਯਾਰੀ ਇੱਕ ਮਿਸਾਲ ਹੈ। ਕਹਿੰਦੇ ਨੇ ਕਿ ਜਦ ਮਨੁੱਖੀ ਬੰਬ ਬਣਨ ਲਈ ਟਾੱਸ ਕੀਤਾ ਤਾਂ ਭਾਈ ਦਿਲਾਵਰ ਸਿੰਘ ਦੀ ਟਾੱਸ ਨਿਕਲ਼ਣ ਤੇ ਉਸ ਨੇ ਆਪਣੇ ਯਾਰ ਸ. ਬਲਵੰਤ ਸਿੰਘ ਨੂੰ ਜੱਫੀ ਪਾ ਲਈ ਸੀ। ਉਸ ਨੂੰ ਚਾਅ ਸੀ ਕਿ ਕੌਮ ਲਈ ਮਰਾਂਗਾ। ਆਖ਼ਰੀ ਰਾਤ ਵੀ ਉਸ ਨੇ ਆਪਣੇ ਯਾਰ ਸ. ਬਲਵੰਤ ਸਿੰਘ ਨਾਲ਼ ਕੱਟੀ।

ਇੱਕ ਵਾਰ ਉਸ ਦੇ ਪਿਤਾ ਜੀ ਨੇ ਵਿਆਹ ਦੀ ਗੱਲ ਤੋਰੀ ਤਾਂ ਪੋਲਾ ਜਿਹਾ ਹੱਸ ਕੇ ਜਵਾਬ ਦਿੱਤਾ- "ਮੈਂ ਆਪੇ ਦੱਸੂੰ....।" ਇਹ ਕੀ ਪਤਾ ਸੀ ਕਿ ਸਿਰਫ਼ 25 ਸਾਲ ਦੀ ਉਮਰੇ ਉਹ ਮੌਤ ਲਾੜੀ ਨਾਲ਼ ਵਿਆਹ ਕਰਵਾ ਲਵੇਗਾ!

* * * *

## ਨਵੀਂ ਕਿਤਾਬ

ਕੀਮਤ : 550 ਰੁਪਏ, ਵਿਦੇਸ਼ਾਂ ਲਈ : 2200 ਰੁਪਏ






# ਜੰਗ ਹਿੰਦ ਤੇ ਪੰਜਾਬ
# ਪੰਜਾਬ ਨਾਮਾ
## (ਵੀਹਵੀਂ ਸਦੀ)

**- ਡਾ. ਸੁਰਜੀਤ ਸਿੰਘ ਜਰਮਨੀ**

'ਪੰਜਾਬਨਾਮਾ' ਕਿਤਾਬ ਦਾ ਜਿਲਦ ਦਾ ਡਿਜ਼ਾਈਨ ਵੀ ਇਹੀ ਦਰਸਾਉਂਦਾ ਹੈ ਕਿ ਕਿਸ ਤਰ੍ਹਾਂ ਜਦੋਂ ਵੈਰੀ ਆਪਣੇ-ਆਪ ਨੂੰ ਬਾਜ਼ ਸਮਝ ਕੇ ਪੰਜਾਬ ਵਾਸੀਆਂ ਨੂੰ ਕੀੜੇ-ਮਕੌੜੇ ਸਮਝ ਕੇ ਪੰਜਾਬ 'ਤੇ ਹਮਲਾਵਰ ਹੋ ਕੇ ਆਇਆ ਤਾਂ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦੇ ਉਹ ਵਾਕ 'ਚਿੜੀਓਂ ਸੇ ਮੈਂ ਬਾਜ ਲੜਾਊਂ' ਸੱਚ ਕਰ ਵਿਖਾਇਆ ਤੇ ਪੂਰੀ ਦੁਨੀਆਂ 'ਤੇ ਹਕੂਮਤ ਕਰਨ ਵਾਲ਼ਾ ਗੋਰਾ ਜੋ ਕਿ ਆਧੁਨਿਕ ਹਥਿਆਰਾਂ ਨਾਲ਼ ਲੈਸ ਪੰਜਾਬ 'ਤੇ ਕਾਬਜ ਹੋਇਆ ਸੀ, ਉਸ ਨੂੰ ਪੰਜਾਬ ਵਾਸੀਆਂ ਨੇ ਚਿੜੀਆਂ ਦੀ ਨਿਆਈ ਫੜ ਕੇ ਥੱਲੇ ਪਾ ਲਿਆ ਤੇ ਅਖ਼ੀਰ ਗੋਰਾ ਸਦੀ ਦੇ ਅੱਧ ਤਕ ਪੰਜਾਬ ਨੂੰ ਛੱਡ ਦੌੜਿਆ ਤੇ ਪਰ ਪੰਜਾਬ ਦੀ ਬਦਨਸੀਬੀ ਸੀ ਕਿ ਉਹਨਾਂ ਨੇ ਆਪਣੇ ਅੰਦਰਲੇ ਦੁਸ਼ਮਣ ਦੀ ਪਛਾਣ ਨਾ ਕੀਤੀ ਤੇ ਫਿਰ ਇਹਨਾਂ ਨੇ ਪੰਜਾਬੀਆਂ ਨੂੰ ਗ਼ੁਲਾਮ ਬਣਾਉਣ 'ਤੇ ਜ਼ੋਰ ਲਾਉਣਾ ਸ਼ੁਰੂ ਕਰ ਦਿੱਤਾ। ਗੁਰੂ ਦੇ ਖ਼ਾਲਸੇ ਨੇ ਸਦੀ ਦੇ ਅੰਤ ਤਕ ਇਹਨਾਂ ਨੂੰ ਧੁਰ ਦੀ ਟਿਕਟ ਕੱਟ ਕੇ ਦੁਨੀਆਂ ਤੋਂ ਮੁਕਤ ਕਰ ਦਿੱਤਾ ਤੇ ਖ਼ਾਲਸਾ ਕਿਤਾਬ ਦੀ ਪਿਛਲੀ ਜਿਲਦ ਵਿੱਚ ਦਰਸਾਏ ਚਿੱਤਰ ਵਾਂਗ ਨਵੀਂ ਸਦੀ ਵਿੱਚ ਚੜ੍ਹਦੀ ਕਲਾ ਨਾਲ਼ ਪ੍ਰਵੇਸ਼ ਕਰ ਗਿਆ।

ਕਈ ਲੋਕ ਕਹਿੰਦੇ ਹਨ ਕਿ ਕਿਤਾਬਾਂ ਦੀ ਕੀ ਲੋੜ ਹੈ, ਅੱਜ-ਕੱਲ੍ਹ ਤਾਂ ਸੋਸ਼ਲ ਮੀਡੀਆ 'ਤੇ ਬਥੇਰੀਆਂ ਵੀਡੀਓ ਮਿਲ਼ ਜਾਂਦੀਆਂ ਨੇ, ਕੰਮ ਕਰਦੇ-ਕਰਦੇ ਸੁਣੀ ਜਾਓ ਤੇ ਗਿਆਨ ਹਾਸਲ ਹੋ ਜਾਂਦਾ ਹੈ। ਉਹਨਾਂ ਬਾਬਤ ਇਹ ਕਹਿਣਾ ਚਾਹਾਂਗਾ ਕਿ ਸੋਸ਼ਲ ਮੀਡੀਏ ਵਾਲ਼ੇ ਵੀ ਕਿਤਾਬਾਂ ਵਿੱਚੋਂ ਹੀ ਗਿਆਨ ਲੈ ਕੇ ਆਪਣੀਆਂ ਵੀਡੀਓ ਬਣਾਉਂਦੇ ਹਨ। ਤੇ ਦੂਸਰਾ ਜਿੰਨੀ ਦੇਰ ਚਾਹੇ ਵੀਡੀਓ ਹੈ ਜਾਂ ਕਿਤਾਬ, ਜੇਕਰ ਉਹ ਇਕਾਗਰਤਾ ਨਾਲ਼ ਨਾ ਪੜ੍ਹੀ-ਸੁਣੀ ਤੇ ਵੇਖੀ ਜਾਵੇ, ਤੁਸੀਂ ਗਿਆਨ ਹਾਸਲ ਨਹੀਂ ਕਰ ਸਕਦੇ। ਇੱਕ ਪਾਸੇ ਵੀਡੀਓ ਜਾਂ ਆਡੀਓ ਚੱਲ ਰਹੀ ਹੁੰਦੀ ਹੈ, ਤੇ ਦੂਸਰੇ ਪਾਸੇ ਅਸੀਂ ਹੋਰ ਹੀ ਖ਼ਿਆਲਾਂ ਵਿੱਚ ਗਵਾਚੇ ਹੁੰਦੇ ਹਾਂ।

ਇਸ ਛੋਟੀ ਜਿਹੀ ਕਿਤਾਬ ਵਿੱਚ ਪੂਰੀ ਵੀਹਵੀਂ ਸਦੀ ਦੇ ਪੰਜਾਬ ਦੇ ਇਤਿਹਾਸ ਨੂੰ ਸੰਖੇਪ ਵਿੱਚ ਦਰਸਾਇਆ ਹੈ, ਤਾਂ ਜੋ ਸਾਰੀਆਂ ਘਟਨਾਵਾਂ ਦਾ ਸੰਖੇਪ ਵਿਸਥਾਰ ਪਾਠਕਾਂ ਤਕ ਪਹੁੰਚਾਇਆ ਜਾਵੇ ਤੇ ਉਹਨਾਂ ਨੂੰ ਪੜ੍ਹਨ ਦੀ ਜਗਿਆਸਾ ਫਿਰ ਤੋਂ ਜਾਗਣੀ ਸ਼ੁਰੂ ਹੋਵੇ ਤੇ ਉਹ ਬਾਅਦ ਵਿੱਚ ਉਹਨਾਂ ਘਟਨਾਵਾਂ ਨੂੰ ਪੂਰੇ ਵਿਸਥਾਰ ਨਾਲ਼ ਪੜ੍ਹਨ ਲਈ ਆਪ ਖ਼ੋਜ ਕਰ ਕੇ ਚੰਗੀਆਂ ਕਿਤਾਬਾਂ ਲਿਆ ਕੇ ਜਾਣਕਾਰੀ ਹਾਸਲ ਕਰ ਸਕਣ।

**- ਡਾ. ਸੁਰਜੀਤ ਸਿੰਘ ਜਰਮਨੀ**

## ਕਿਤਾਬ ਮੰਗਵਾਉਣ ਲਈ

**Whatsapp your Address at: 9855789851**

Contact: 98557-89851, 0183-50098 51




**10 ਨਵੰਬਰ 2015 ਨੂੰ ਸਰਬੱਤ ਖ਼ਾਲਸਾ ਸਮਾਗਮ 'ਚ ਜਦੋਂ ਜੁਝਾਰੂ-ਜਰਨੈਲ ਭਾਈ ਜਗਤਾਰ ਸਿੰਘ ਹਵਾਰਾ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਦਾ ਜਥੇਦਾਰ ਐਲਾਨਿਆ ਗਿਆ ਤਾਂ ਖ਼ਾਲਸਈ ਜੈਕਾਰਿਆਂ ਦੀ ਗੂੰਜ ਅਸਮਾਨ ਤੱਕ ਜਾ ਪਹੁੰਚੀ।**

ਸਿੱਖ ਨੌਜਵਾਨੋ! ਹਿੰਦ ਹਕੂਮਤ ਸਿੱਖਾਂ ਨੂੰ ਸਿੱਖੀ ਤੋਂ ਬਾਗ਼ੀ ਕਰਨਾ ਚਾਹੁੰਦੀ ਹੈ, ਸਿੱਖੀ ਸਰੂਪ ਤੋਂ ਦੂਰ ਕਰਨਾ ਚਾਹੁੰਦੀ ਹੈ, ਸਿੱਖਾਂ ਦਾ ਸਿਦਕ ਤੋੜਨਾ ਚਾਹੁੰਦੀ ਹੈ, ਸਿੱਖਾਂ ਨੂੰ ਦਸਮੇਸ਼ ਪਿਤਾ ਦੇ ਲਾਲ ਤੋਂ ਮਾਤਾ ਦੇ ਮਾਲ ਬਣਾਉਣਾ ਚਾਹੁੰਦੀ ਹੈ, ਸਿੱਖਾਂ ਦੇ ਧਰਮ ਨੂੰ ਮਲੀਆਮੇਟ ਕਰਨਾ ਚਾਹੁੰਦੀ ਹੈ, ਸਿੱਖਾਂ ਨੂੰ ਬਲ਼ੀ ਦੇ ਬੱਕਰੇ ਬਣਾਉਣਾ ਚਾਹੁੰਦੀ ਹੈ।

ਜਿਸ ਦੇ ਜਵਾਬ 'ਚ ਹਰ ਸਿੱਖ ਨੂੰ ਕਮਰਕੱਸੇ ਕਰ ਲੈਣੇ ਚਾਹੀਦੇ ਹਨ, ਆਪਣੇ ਸਿੱਖੀ ਸਰੂਪ 'ਤੇ ਮਾਣ ਕਰੋ, ਅਣਖ਼ ਅਤੇ ਸ਼ਾਨ ਨਾਲ਼ ਜੀਓ, ਧਰਮ ਦੇ ਸਿਧਾਂਤਾਂ 'ਚ ਦ੍ਰਿੜ ਹੋਵੋ, ਪਤਿਤਪੁਣਾ ਤਿਆਗੋ, ਨਸ਼ੇ ਛੱਡੋ, ਕੇਸ ਰੱਖੋ, ਅੰਮ੍ਰਿਤ ਛਕੋ, ਬਾਣੀ-ਬਾਣੇ ਦੇ ਧਾਰਨੀ ਤੇ ਸ਼ਸਤਰਧਾਰੀ ਹੋਵੋ, ਪੰਥ ਅਤੇ ਪੰਜਾਬ ਦੇ ਹੱਕਾਂ ਤੇ ਅਜ਼ਾਦੀ ਲਈ ਸੰਘਰਸ਼ ਕਰੋ ਤੇ ਸਿੱਖ ਕੌਮ ਦੇ ਭਵਿੱਖ ਨੂੰ ਰੁਸ਼ਨਾਓ। ਗੁਰੂ ਸਾਹਿਬ ਸਹਾਈ ਹੋਣਗੇ, ਪੰਥ ਦੇ ਡੰਕੇ ਵੱਜਣਗੇ।

– ਰਣਜੀਤ ਸਿੰਘ ਦਮਦਮੀ ਟਕਸਾਲ
(ਪ੍ਰਧਾਨ ਸਿੱਖ ਯੂਥ ਫ਼ੈਡਰੇਸ਼ਨ ਭਿੰਡਰਾਂਵਾਲਾ)
ਮੋ : 88722-93883 ਸ੍ਰੀ ਅੰਮ੍ਰਿਤਸਰ।